ਜੇਕਰ ਅਸੀਂ ਸੱਚਮੁੱਚ ਇੰਟਰਨੈੱਟ, ਡਿਜੀਟਲ ਮਨੋਰੰਜਨ ਅਤੇ ਆਪਣੇ ਰੋਜ਼ਾਨਾ ਜੀਵਨ ਵਿੱਚੋਂ ਇਸ ਅਪਮਾਨਜਨਕ ਭਾਸ਼ਾ ਨੂੰ ਜੜ੍ਹੋਂ ਖਤਮ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਸਭ ਤੋਂ ਪਹਿਲਾਂ ਆਪਣੇ ਘਰਾਂ ਅਤੇ ਸਮਾਜ ਦੀ ਮਾਨਸਿਕਤਾ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਉਣਾ ਹੋਵੇਗਾ। ਔਰਤ ਨੂੰ ਸਿਰਫ਼ ਇੱਕ 'ਸਰੀਰ' ਜਾਂ ਪਰਿਵਾਰ ਦੀ 'ਇੱਜ਼ਤ' ਦੀ ਪੋਟਲੀ ਵਜੋਂ ਦੇਖਣ ਦੀ ਬਜਾਏ, ਉਸ ਨੂੰ ਇੱਕ ਸੁਤੰਤਰ, ਸੂਝਵਾਨ ਅਤੇ ਸਨਮਾਨਯੋਗ ਇਨਸਾਨ ਵਜੋਂ ਸਵੀਕਾਰ ਕਰਨਾ ਪਵੇਗਾ।

ਵਿਰੋਧ ਸਿਰਫ਼ ਯੋਗਰਾਜ ਸਿੰਘ ਵਰਗੇ ਇੱਕ ਅਦਾਕਾਰ ਜਾਂ ਕਿਸੇ ਇੱਕ ਸੀਰੀਜ਼ ਦਾ ਨਹੀਂ, ਬਲਕਿ ਉਸ ਪਿੱਛੇ ਛੁਪੀ ਪੂਰੀ ਮਾਨਸਿਕਤਾ ਦਾ ਹੋਣਾ ਚਾਹੀਦਾ ਹੈ। ਜਿਸ ਦਿਨ ਸਾਡੇ ਸਮਾਜ ਵਿੱਚ ਮਰਦ ਅਤੇ ਔਰਤ ਦੇ ਰਿਸ਼ਤੇ ਦਾ ਆਧਾਰ ਸਰੀਰਕ ਸੋਚ ਤੋਂ ਉੱਪਰ ਉੱਠ ਕੇ ਬੌਧਿਕ, ਮਾਨਸਿਕ ਅਤੇ ਆਤਮਿਕ ਸਨਮਾਨ ਬਣ ਗਿਆ, ਉਸ ਦਿਨ ਅਜਿਹੀਆਂ ਗਾਲਾਂ, ਭੱਦੇ ਸੰਵਾਦ ਅਤੇ ਅਪਸ਼ਬਦ ਆਪਣੇ ਆਪ ਸਾਡੇ ਸਮਾਜ, ਸਾਡੀ ਭਾਸ਼ਾ ਅਤੇ ਸਾਡੇ ਮਨੋਰੰਜਨ ਦੇ ਸਾਧਨਾਂ ਵਿੱਚੋਂ ਹਮੇਸ਼ਾ ਲਈ ਗਾਇਬ ਹੋ ਜਾਣਗੇ।

**ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ 9876888177**

# ਬਾਜ਼ਾਰਵਾਦ ਦੀ ਭੇਟ ਚੜ੍ਹਦਾ ਔਰਤ ਦਾ ਸਨਮਾਨ




ਜਿਸ ਔਰਤ ਨੂੰ ਗੁਰਬਾਣੀ ਅਤੇ ਸਾਡੇ ਮਾਣਮੱਤੇ ਇਤਿਹਾਸ ਨੇ 'ਜਗਤ ਜਨਨੀ' ਦਾ ਦਰਜਾ ਦਿੱਤਾ, ਜਿਸ ਦੀ ਕੁੱਖੋਂ ਪੀਰ, ਪੈਗੰਬਰ ਅਤੇ ਸੂਰਬੀਰ ਜੰਮੇ, ਅੱਜ ਉਸੇ ਔਰਤ ਦੀ ਹੋਂਦ ਨੂੰ ਮੁਨਾਫ਼ੇ ਦੀ ਅੰਨ੍ਹੀ ਦੌੜ ਵਿੱਚ ਬਾਜ਼ਾਰ ਦੀ ਇੱਕ ਵਸਤੂ ਬਣਾ ਦਿੱਤਾ ਗਿਆ ਹੈ। ਇਹ ਸਿਰਫ਼ ਇੱਕ ਸਮਾਜਿਕ ਵਿਗਾੜ ਨਹੀਂ, ਸਗੋਂ ਸਾਡੇ ਸੱਭਿਆਚਾਰਕ ਅਤੇ ਨੈਤਿਕ ਪਤਨ ਦੀ ਡਰਾਉਣੀ ਤਸਵੀਰ ਹੈ। ਕੁਦਰਤ ਦੇ ਨਿਯਮ ਅਨੁਸਾਰ ਮਰਦ ਅਤੇ ਔਰਤ ਜੀਵਨ-ਰੂਪੀ ਗੱਡੀ ਦੇ ਦੋ ਪਹੀਏ ਹਨ, ਪਰ ਪਦਾਰਥਵਾਦੀ ਦੌਰ ਵਿੱਚ ਮਨੋਰੰਜਨ ਜਗਤ, ਇਸ਼ਤਿਹਾਰਾਂ ਅਤੇ ਗੀਤਾਂ ਨੇ ਔਰਤ ਦੀ ਪਵਿੱਤਰ ਪਛਾਣ ਨੂੰ ਧੁੰਦਲਾ ਕਰ ਦਿੱਤਾ ਹੈ। ਮੁਨਾਫ਼ਾ ਕਮਾਉਣ ਦੀ ਅੰਨ੍ਹੀ ਦੌੜ ਵਿੱਚ ਉਸ ਦੇ ਮਾਨ-ਸਨਮਾਨ ਅਤੇ ਗੌਰਵ ਨੂੰ ਲਗਾਤਾਰ ਠੇਸ ਪਹੁੰਚਾਈ ਜਾ ਰਹੀ ਹੈ। ਕਾਨੂੰਨੀ ਭਾਸ਼ਾ ਵਿੱਚ ਇਸ ਨੂੰ 'ਇੰਡੀਸੈਂਟ ਰਿਪ੍ਰੈਜ਼ੈਂਟੇਸ਼ਨ' ਯਾਨੀ ਅਸ਼ਲੀਲ ਚਿਤਰਣ ਕਿਹਾ ਜਾਂਦਾ ਹੈ, ਜੋ ਨਾ ਸਿਰਫ਼ ਔਰਤ ਦੀ ਸ਼ਖ਼ਸੀਅਤ ਨੂੰ ਛੋਟਾ ਕਰਦਾ ਹੈ, ਸਗੋਂ ਸਮਾਜਿਕ ਅਤੇ ਨੈਤਿਕ ਮੁੱਲਾਂ ਦਾ ਵੀ ਘਾਣ ਕਰਦਾ ਹੈ।

ਜੇਕਰ ਅਸੀਂ ਆਪਣੇ ਮਾਣਮੱਤੇ ਪੰਜਾਬੀ ਵਿਰਸੇ ਵੱਲ ਝਾਤ ਮਾਰੀਏ, ਤਾਂ ਇੱਕ ਬਿਲਕੁਲ ਵੱਖਰੀ ਤਸਵੀਰ ਸਾਹਮਣੇ ਆਉਂਦੀ ਹੈ। ਉਹ ਸਮਾਂ ਸਿਰਫ਼ ਇੱਕ ਯਾਦ ਨਹੀਂ, ਸਗੋਂ ਇੱਕ ਜੀਵੰਤ ਸਮਾਜਿਕ ਮਰਿਆਦਾ ਸੀ, ਜਦੋਂ ਪਿੰਡ ਦੀ ਧੀ ਨੂੰ ਪੂਰੇ ਪਿੰਡ ਦੀ ਸਾਂਝੀ ਇੱਜ਼ਤ ਮੰਨਿਆ ਜਾਂਦਾ ਸੀ। ਪਿੰਡ ਦਾ ਹਰ ਬਜ਼ੁਰਗ ਅਤੇ ਨੌਜਵਾਨ ਉਸ ਨੂੰ ਆਪਣੀ ਧੀ-ਭੈਣ ਸਮਝਦਾ ਸੀ। ਜੇਕਰ ਕੋਈ ਵਿਅਕਤੀ ਕਿਸੇ ਧੀ-ਭੈਣ ਵੱਲ ਮੈਲੀ ਅੱਖ ਨਾਲ ਵੇਖਣ ਦੀ ਜੁਰਅਤ ਕਰਦਾ ਜਾਂ ਉਸ ਬਾਰੇ ਕੋਈ ਗਲਤ ਸ਼ਬਦ ਬੋਲਦਾ, ਤਾਂ ਸਾਰਾ ਪਿੰਡ ਇੱਕ ਕੰਧ ਬਣ ਕੇ ਉਸ ਦੇ ਸਾਹਮਣੇ ਖੜ੍ਹ ਜਾਂਦਾ ਸੀ। 'ਧੀ-ਭੈਣ ਦੀ ਸਾਂਝ' ਸਿਰਫ਼ ਇੱਕ ਕਹਾਵਤ ਨਹੀਂ, ਸਗੋਂ ਪੰਜਾਬ ਦੀ ਰੂਹ ਸੀ। ਪਰ ਅਫਸੋਸ ਹੈ ਕਿ ਡਿਜੀਟਲ ਯੁੱਗ ਅਤੇ ਵਪਾਰਕ ਮੰਡੀਆਂ ਦੀ ਅੰਨ੍ਹੀ ਦੌੜ ਨੇ ਇਸ ਸਾਂਝ ਨੂੰ ਤਾਰ-ਤਾਰ ਕਰ ਦਿੱਤਾ ਹੈ। ਜਿਸ ਸਮਾਜ ਵਿੱਚ ਧੀ ਨੂੰ ਸਾਂਝੀ ਇੱਜ਼ਤ ਮੰਨਿਆ ਜਾਂਦਾ ਸੀ, ਉੱਥੇ ਅੱਜ ਸੋਸ਼ਲ ਮੀਡੀਆ ਅਤੇ ਫਿਲਮਾਂ ਰਾਹੀਂ ਉਸ ਦੀ ਬੇਕਦਰੀ ਕਰਕੇ ਮੁਨਾਫ਼ਾ ਕਮਾਇਆ ਜਾ ਰਿਹਾ ਹੈ।

ਇੱਥੇ ਸੱਭਿਆਚਾਰਕ ਪੱਖ ਨੂੰ ਸੰਤੁਲਿਤ ਨਜ਼ਰੀਏ ਨਾਲ ਸਮਝਣ ਦੀ ਲੋੜ ਹੈ। ਸਮੱਸਿਆ ਕਿਸੇ ਖ਼ਾਸ ਸੱਭਿਆਚਾਰ ਵਿੱਚ ਨਹੀਂ, ਸਗੋਂ ਉਸ ਦੀ ਅੰਨ੍ਹੀ ਨਕਲ ਅਤੇ ਵਪਾਰਕ ਦੁਰਵਰਤੋਂ ਵਿੱਚ ਹੈ। ਪੱਛਮੀ ਦੇਸ਼ਾਂ ਦਾ ਆਪਣਾ ਸਮਾਜਿਕ ਅਤੇ ਭੂਗੋਲਿਕ ਪਿਛੋਕੜ ਹੈ, ਜਿੱਥੇ ਰਹਿਣ-ਸਹਿਣ ਦੇ ਆਪਣੇ ਢੰਗ ਹਨ। ਪਰ ਜਦੋਂ ਸਾਡਾ ਮਨੋਰੰਜਨ ਜਗਤ ਉਨ੍ਹਾਂ ਦੇ ਸਿਰਫ਼ ਬਾਹਰੀ ਦਿਖਾਵੇ ਨੂੰ ਅਪਣਾਉਂਦਾ ਹੈ ਅਤੇ ਉਸ ਦੇ ਪਿੱਛੇ ਦੀ ਸੋਚ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ, ਤਾਂ ਇੱਕ ਸੱਭਿਆਚਾਰਕ ਖਲਾਅ ਪੈਦਾ ਹੁੰਦਾ ਹੈ। ਆਧੁਨਿਕ ਹੋਣ ਦੇ ਨਾਂ 'ਤੇ ਅਸੀਂ ਆਪਣੀਆਂ ਜੜ੍ਹਾਂ ਅਤੇ ਮੂਲ ਕਦਰਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਇਹ ਸਿਰਫ਼ ਕੱਪੜਿਆਂ ਜਾਂ ਦਿਖਾਵੇ ਦਾ ਮੁੱਦਾ ਨਹੀਂ, ਸਗੋਂ ਉਸ ਮਾਨਸਿਕਤਾ ਦਾ ਮੁੱਦਾ ਹੈ ਜੋ ਔਰਤ ਨੂੰ ਉਸ ਦੀ ਯੋਗਤਾ, ਵਿਚਾਰਾਂ ਅਤੇ ਸਮਾਜਿਕ ਯੋਗਦਾਨ ਦੀ ਬਜਾਏ ਸਿਰਫ਼ ਸਰੀਰਕ ਪ੍ਰਦਰਸ਼ਨ ਤੱਕ ਸੀਮਤ ਕਰ ਰਹੀ ਹੈ।

**ਪ੍ਰੋ. ਜਗਰੂਪ ਕੌਰ**
**700952982**

ਸੋਸ਼ਲ ਮੀਡੀਆ ਦੇ ਮਨੋਵਿਗਿਆਨਕ ਪ੍ਰਭਾਵਾਂ ਨੇ ਇਸ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਅੱਜ ਮੋਬਾਈਲ ਦੀ ਇੱਕ ਸਕ੍ਰੀਨ ਨੇ ਅਸ਼ਲੀਲਤਾ ਨੂੰ ਸਿਰਫ਼ ਘਰਾਂ ਤੱਕ ਹੀ ਨਹੀਂ, ਸਗੋਂ ਬੱਚਿਆਂ ਦੇ ਕੋਮਲ ਮਨਾਂ ਤੱਕ ਪਹੁੰਚਾ ਦਿੱਤਾ ਹੈ। 'ਰੀਲਾਂ' ਅਤੇ ਵਾਇਰਲ ਸਮੱਗਰੀ ਰਾਹੀਂ ਔਰਤ ਨੂੰ ਜਿਸ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ, ਉਹ ਨੌਜਵਾਨ ਪੀੜ੍ਹੀ ਦੀ ਸੋਚ ਅਤੇ ਵਿਹਾਰ 'ਤੇ ਡੂੰਘਾ ਅਸਰ ਛੱਡ ਰਿਹਾ ਹੈ। ਜਦੋਂ ਇੱਕ ਬੱਚਾ ਲਗਾਤਾਰ ਅਜਿਹੀ ਸਮੱਗਰੀ ਦੇਖਦਾ ਹੈ, ਜਿੱਥੇ ਔਰਤ ਨੂੰ ਸਿਰਫ਼ ਸਰੀਰਕ ਪ੍ਰਦਰਸ਼ਨ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ, ਤਾਂ ਉਸ ਦੇ ਮਨ ਵਿੱਚ ਔਰਤ ਪ੍ਰਤੀ ਸਤਿਕਾਰ ਦੀ ਭਾਵਨਾ ਘਟਣ ਲੱਗਦੀ ਹੈ। ਇਹ ਸਾਬਤ ਹੋ ਚੁੱਕਾ ਹੈ ਕਿ ਅਜਿਹੀ ਸਮੱਗਰੀ ਦੇ ਲਗਾਤਾਰ ਸੰਪਰਕ ਨਾਲ ਨੌਜਵਾਨਾਂ ਵਿੱਚ ਗਲਤ ਵਿਹਾਰ ਦੀ ਪ੍ਰਵਿਰਤੀ ਵਧਦੀ ਹੈ।

ਇਸ ਗੰਭੀਰ ਸਮੱਸਿਆ ਨੂੰ ਰੋਕਣ ਲਈ ਭਾਰਤ ਸਰਕਾਰ ਨੇ ਕਈ ਸਖ਼ਤ ਕਾਨੂੰਨ ਬਣਾਏ ਹਨ। 'ਇੰਡੀਸੈਂਟ ਰਿਪ੍ਰੈਜ਼ੈਂਟੇਸ਼ਨ ਆਫ਼ ਵੂਮੈਨ (ਪ੍ਰੋਹਿਬੀਸ਼ਨ) ਐਕਟ, 1986' ਕਿਸੇ ਵੀ ਇਸ਼ਤਿਹਾਰ, ਲੇਖ ਜਾਂ ਵੀਡੀਓ ਵਿੱਚ ਔਰਤ ਦੇ ਅਸ਼ਲੀਲ ਚਿਤਰਣ 'ਤੇ ਰੋਕ ਲਗਾਉਂਦਾ ਹੈ। ਇਸ ਦੀ ਉਲੰਘਣਾ ਕਰਨ ਵਾਲੇ ਨੂੰ ਦੋ ਤੋਂ ਪੰਜ ਸਾਲ ਤੱਕ ਦੀ ਕੈਦ ਅਤੇ ਭਾਰੀ ਜੁਰਮਾਨਾ ਹੋ ਸਕਦਾ ਹੈ। ਇਸ ਤੋਂ ਇਲਾਵਾ 9" ਐਕਟ ਦੀਆਂ ਧਾਰਾਵਾਂ 67 ਅਤੇ 67ਏ ਡਿਜੀਟਲ ਪਲੇਟਫਾਰਮਾਂ 'ਤੇ ਅਸ਼ਲੀਲਤਾ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦਾ ਪ੍ਰਬੰਧ ਕਰਦੀਆਂ ਹਨ। ਭਾਰਤੀ ਨਿਆ ਸੰਹਿਤਾ ਦੀ ਧਾਰਾ 296 ਜਨਤਕ ਥਾਵਾਂ 'ਤੇ ਅਸ਼ਲੀਲ ਗੀਤਾਂ ਅਤੇ ਗੰਦ ਮੰਦ ਫੈਲਾਉਣ ਵਾਲਿਆਂ ਵਿਰੁੱਧ ਵੀ ਕਾਰਵਾਈ ਦੀ ਗੱਲ ਕਰਦੀ ਹੈ। ਪਰ ਸਵਾਲ ਇਹ ਹੈ ਕਿ ਜਦੋਂ ਲਾਗੂ ਕਰਨ ਦੀ ਰਫ਼ਤਾਰ ਧੀਮੀ ਹੋਵੇ, ਤਾਂ ਕਾਨੂੰਨ ਦੀ ਸਖ਼ਤੀ ਵੀ ਬੇਅਸਰ ਹੋ ਜਾਂਦੀ ਹੈ।

ਇੰਨੇ ਸਾਰੇ ਕਾਨੂੰਨਾਂ ਦੇ ਬਾਵਜੂਦ ਜ਼ਮੀਨੀ ਹਕੀਕਤ ਅਜੇ ਵੀ ਚਿੰਤਾਜਨਕ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (NCRB) ਅਨੁਸਾਰ ਦੇਸ਼ ਦੀਆਂ ਅਦਾਲਤਾਂ ਵਿੱਚ 90 ਫੀਸਦੀ ਤੋਂ ਵੱਧ ਅਜਿਹੇ ਮਾਮਲੇ ਅਜੇ ਵੀ ਅਣਸੁਲਝੇ ਪਏ ਹਨ। ਫੈਸਲਿਆਂ ਵਿੱਚ ਹੋਣ ਵਾਲੀ ਦੇਰੀ ਅਪਰਾਧੀਆਂ ਦੇ ਹੌਸਲੇ ਵਧਾਉਂਦੀ ਹੈ। ਅਕਸਰ 'ਕਲਾਤਮਕ ਆਜ਼ਾਦੀ' ਦੇ ਨਾਂ 'ਤੇ ਵੱਡੇ ਪ੍ਰੋਡਕਸ਼ਨ ਹਾਊਸ ਕਾਨੂੰਨ ਦੇ ਸ਼ਿਕੰਜੇ ਵਿੱਚੋਂ ਨਿਕਲ ਜਾਂਦੇ ਹਨ। ਦੁਖਦਾਈ ਗੱਲ ਇਹ ਹੈ ਕਿ ਅੱਜ ਕਈ ਇਸ਼ਤਿਹਾਰ ਅਤੇ ਮਨੋਰੰਜਨ ਮਾਧਿਅਮ ਸਿਰਫ਼ ਚਰਚਾ ਵਿੱਚ ਆਉਣ ਲਈ ਔਰਤ ਦੀ ਮਰਿਆਦਾ ਨੂੰ ਦਾਅ 'ਤੇ ਲਗਾਉਂਦੇ ਹਨ। ਕੰਪਨੀਆਂ ਜਾਣਬੁੱਝ ਕੇ ਵਿਵਾਦ ਪੈਦਾ ਕਰਦੀਆਂ ਹਨ ਤਾਂ ਜੋ ਉਨ੍ਹਾਂ ਦੀ ਵਿਕਰੀ ਅਤੇ ਪ੍ਰਸਿੱਧੀ ਵਧੇ।

ਸਥਿਤੀ ਨੂੰ ਸੁਧਾਰਨ ਲਈ ਸਮਾਜਿਕ ਚੇਤਨਾ ਨੂੰ ਮੁੜ ਜਗਾਉਣ ਦੀ ਲੋੜ ਹੈ। ਪੁਰਾਣੇ ਸਮੇਂ ਵਾਂਗ ਜੇਕਰ ਪੰਚਾਇਤਾਂ ਅਤੇ ਸਥਾਨਕ ਕਲੱਬ ਅਜਿਹੇ ਕਲਾਕਾਰਾਂ ਅਤੇ ਸਮੱਗਰੀ ਦਾ ਸਮਾਜਿਕ ਵਿਰੋਧ ਕਰਨ ਜੋ ਅਸ਼ਲੀਲਤਾ ਨੂੰ ਉਤਸ਼ਾਹਿਤ ਕਰਦੇ ਹਨ, ਤਾਂ ਇਸ ਦਾ ਵੱਡਾ ਅਸਰ ਪੈ ਸਕਦਾ ਹੈ। ਸਕੂਲਾਂ ਅਤੇ ਕਾਲਜਾਂ ਵਿੱਚ ਨੈਤਿਕ ਸਿੱਖਿਆ ਨੂੰ ਸਿਰਫ਼ ਵਿਸ਼ਾ ਨਹੀਂ, ਸਗੋਂ ਜੀਵਨ ਜਾਚ ਵਜੋਂ ਪੜ੍ਹਾਇਆ ਜਾਣਾ ਚਾਹੀਦਾ ਹੈ। ਨੌਜਵਾਨ ਪੀੜ੍ਹੀ ਨੂੰ ਇਹ ਸਮਝਾਉਣਾ ਪਵੇਗਾ ਕਿ ਔਰਤ ਦਾ ਸਨਮਾਨ ਹੀ ਕਿਸੇ ਵੀ ਸਭਿਅਤਾ ਦੀ ਪਹਿਲੀ ਨਿਸ਼ਾਨੀ ਹੁੰਦਾ ਹੈ।

ਸੱਚ ਇਹ ਹੈ ਕਿ ਕਿਸੇ ਵੀ ਸਮਾਜ ਦੀ ਰੂਹ ਸਿਰਫ਼ ਕਾਨੂੰਨਾਂ ਨਾਲ ਨਹੀਂ ਬਦਲਦੀ। ਬਦਲਾਅ ਉਦੋਂ ਆਉਂਦਾ ਹੈ ਜਦੋਂ ਸਮਾਜ ਖ਼ੁਦ ਆਪਣੀਆਂ ਕਦਰਾਂ ਦੀ ਰਾਖੀ ਲਈ ਖੜ੍ਹਦਾ ਹੈ। ਜਿਸ ਦਿਨ ਅਸੀਂ ਮੁੜ ਧੀ ਨੂੰ 'ਸਾਂਝੀ ਇੱਜ਼ਤ' ਸਮਝਣਾ ਸ਼ੁਰੂ ਕਰ ਦਿੱਤਾ, ਉਸ ਦਿਨ ਵਪਾਰਕ ਮੰਡੀਆਂ ਦੀਆਂ ਇਹ ਕਾਲੀਆਂ ਤਾਕਤਾਂ ਆਪਣੇ ਆਪ ਹਾਰ ਜਾਣਗੀਆਂ। ਸਾਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਜਵਾਬ ਦੇਣਾ ਪਵੇਗਾ ਕਿ ਜਦੋਂ ਸਾਡਾ ਸੱਭਿਆਚਾਰ ਮੰਡੀਆਂ ਵਿੱਚ ਵਿਕ ਰਿਹਾ ਸੀ, ਉਦੋਂ ਅਸੀਂ ਕੀ ਕਰ ਰਹੇ ਸੀ। ਕਿਉਂਕਿ ਕਿਸੇ ਵੀ ਕੌਮ ਦਾ ਭਵਿੱਖ ਉਸ ਦੀਆਂ ਇਮਾਰਤਾਂ ਨਹੀਂ, ਉਸ ਦੀਆਂ ਧੀਆਂ ਦਾ ਸਨਮਾਨ ਤੈਅ ਕਰਦਾ ਹੈ।

# ਜ਼ਿੰਦਗੀ ਨੂੰ ਅਜਾਈਂ ਨਾ ਗੁਆਓ



ਬਰਜਿੰਦਰ ਕੌਰ ਬਿਸਰਾਓ
9988901324

ਮਨੁੱਖੀ ਸੁਭਾਅ ਵਿੱਚ ਕੁਦਰਤੀ ਤੌਰ ਤੇ ਹਰ ਰੰਗ ਮਾਨਣ ਦਾ ਚਾਅ ਛੁਪਿਆ ਹੋਇਆ ਹੁੰਦਾ ਹੈ । ਹੋਵੇ ਵੀ ਕਿਉਂ ਨਾ... ? ਰੱਬ ਨੇ ਜਿੰਨੀ ਜ਼ਿੰਦਗੀ ਵੀ ਦਿੱਤੀ ਹੈ ਉਸ ਨੂੰ ਖੁੱਲ੍ਹ ਕੇ ਜਿਊਣਾ ਚਾਹੀਦਾ ਹੈ। ਜ਼ਿੰਦਗੀ ਜਿਊਣਾ ਤੇ ਜ਼ਿੰਦਗੀ ਦੇ ਰੰਗ ਮਾਨਣਾ ਆਪਣੇ ਆਪ ਵਿੱਚ ਦੋ ਅਲੱਗ ਵਿਸ਼ੇ ਵੀ ਹੋ ਸਕਦੇ ਹਨ ਜਾਂ ਫਿਰ ਇਹਨਾਂ ਨੂੰ ਇੱਕ ਕਰਕੇ ਵੀ ਦੇਖਿਆ ਜਾ ਸਕਦਾ ਹੈ। ਇਹ ਹਰ ਵਿਅਕਤੀ ਦੇ ਆਪਣੇ ਆਪਣੇ ਸੁਭਾਅ ਉੱਤੇ ਨਿਰਭਰ ਕਰਦਾ ਹੈ। ਕਈ ਲੋਕ ਜ਼ਿੰਦਗੀ ਵਿੱਚ ਸਿਰਫ਼ ਦਿਨ ਕਟੀ ਕਰ ਰਹੇ ਹੁੰਦੇ ਹਨ। ਕੋਈ ਕੋਈ ਦੁਨੀਆ ਦਾ ਹਰ ਰੰਗ ਖੁੱਲ੍ਹ ਕੇ ਮਾਨਣਾ ਚਾਹੁੰਦੇ ਹਨ। ਦਿਨ ਕਟੀ ਵੀ ਜੇ ਖੁਸ਼ੀ ਖੁਸ਼ੀ ਕੀਤੀ ਜਾਵੇ ਤਾਂ ਉਸ ਵਰਗਾ ਅਨੰਦ ਵੀ ਕਿਧਰੇ ਹੋਰ ਜਾ ਕੇ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਜੇ ਦੂਜੇ ਪਾਸੇ ਗੱਲ ਕਰੀਏ ਦੁਨੀਆਂ ਦੇ ਰੰਗ ਮਾਨਣ ਦੀ ਤਾਂ ਕਈ ਲੋਕ ਰੰਗ ਮਾਣਦੇ ਮਾਣਦੇ ਜ਼ਿੰਦਗੀ ਤੋਂ ਵੀ ਹੱਥ ਧੋ ਬੈਠਦੇ ਹਨ।

ਜ਼ਮਾਨੇ ਦੇ ਬਦਲਣ ਨਾਲ ਲੋਕਾਂ ਦੇ ਰਹਿਣ ਸਹਿਣ ਵਿੱਚ ਤਬਦੀਲੀ ਆਉਣੀ ਤਾਂ ਕੁਦਰਤੀ ਗੱਲ ਹੈ ਪਰ ਮਨੁੱਖ ਜਦੋਂ ਉਸ ਨੂੰ ਹੱਦੋਂ ਵੱਧ ਬਦਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਮੂੰਹ ਦੀ ਖਾਣੀ ਪੈਂਦੀ ਹੈ। ਕੁਝ ਇਸੇ ਤਰ੍ਹਾਂ ਨਾਲ ਹੀ ਲੋਕਾਂ ਵਿੱਚ ਖ਼ਾਸ ਕਰਕੇ ਪੰਜਾਬੀਆਂ ਵਿੱਚ ਘੁੰਮਣ ਦਾ ਰੁਝਾਨ ਬਹੁਤ ਤੇਜ਼ੀ ਨਾਲ ਵਧਣ ਲੱਗਿਆ ਹੈ ਕਿ ਇੱਕ ਦੋ ਛੁੱਟੀਆਂ ਆਈਆਂ ਤਾਂ ਪਹਾੜਾਂ ਵਿੱਚ ਘੁੰਮਣ ਨਿਕਲ ਗਏ।ਘੁੰਮਣਾ ਚੰਗੀ ਗੱਲ ਹੈ ਪਰ ਅੱਜ ਦੀ ਤੇਜ਼ ਰਫ਼ਤਾਰੀ ਵਿੱਚ ਅਣਜਾਣ ਥਾਵਾਂ ਤੇ ਜਾ ਕੇ ਮਨਮਰਜੀਆਂ ਕਰਨੀਆਂ ਹਾਨੀਕਾਰਕ ਸਿੱਧ ਹੋ ਰਹੀਆਂ ਹਨ। ਗਰਮੀਆਂ ਦੇ ਦਿਨਾਂ ਵਿੱਚ ਨੌਜਵਾਨ ਵਰਗ ਜਾਂ ਜੀਹਦੇ ਪੱਲੇ ਚਾਰ ਪੈਸੇ ਹਨ ਉਹ ਤਾਂ ਬੱਸ ਘੁੰਮਣ ਜਾਣ ਲਈ ਛੁੱਟੀ ਦਾ ਇੰਤਜ਼ਾਰ ਕਰਦੇ ਹਨ। ਜਦ ਕਿ ਹੁਣ ਤੋਂ ਦੋ ਕੁ ਦਹਾਕੇ ਪਹਿਲਾਂ ਇਹੋ ਜਿਹਾ ਕੋਈ ਸ਼ੌਂਕ ਆਮ ਲੋਕਾਂ ਦੇ ਦਿਮਾਗਾਂ ਉੱਤੇ ਭਾਰੂ ਨਹੀਂ ਸੀ ਹੁੰਦਾ ਸਗੋਂ ਉਹ ਛੁੱਟੀ ਵਾਲੇ ਦਿਨ ਘਰ ਦਾ ਕੋਈ ਨਾ ਕੋਈ ਕੰਮ ਸੰਵਾਰਨ ਦੀ ਸੋਚ ਲੈ ਕੇ ਚੱਲਦੇ ਸਨ।

ਸਾਡੇ ਅਜੋਕੇ ਸਮਾਜ ਵਿੱਚ ਲੋਕਾਂ ਅੰਦਰ ਵਿਖਾਵਾ ਕਰਨ ਦੀ ਰੀਤ ਉੱਭਰ ਰਹੀ ਹੈ। ਸੋਸ਼ਲ ਮੀਡੀਆ ਦੇ ਪ੍ਰਚਲਨ ਕਾਰਨ ਇਸ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਲੋਕਾਂ ਵਿੱਚ ਆਪਣੇ ਪੈਸੇ ਦਾ ਵਿਖਾਵਾ ਕਰਨ ,ਵੱਖ ਵੱਖ ਅਤੇ ਮਹਿੰਗੀਆਂ ਥਾਵਾਂ ਤੇ ਘੁੰਮਣ ਜਾਣ ਦਾ ਵਿਖਾਵਾ ਕਰਨ, ਆਪਣੀਆਂ ਮਹਿੰਗੀਆਂ ਕਾਰਾਂ ਦਾ ਵਿਖਾਵਾ ਕਰਨ ਕਾਰਨ ਬਹੁਤੇ ਲੋਕ ਘੁੰਮਣ ਨਿਕਲਦੇ ਹਨ। ਰਸਤਿਆਂ ਦੀਆਂ, ਆਪਣੀਆਂ, ਆਪਣੀਆਂ ਕਾਰਾਂ ਦੀਆਂ ਜਾਂ ਮਹਿੰਗੇ ਆਲੀਸ਼ਾਨ ਹੋਟਲਾਂ ਦੀਆਂ ਜਿੰਨ੍ਹਾਂ ਵਿੱਚ ਠਹਿਰਦੇ ਹਨ, ਉਹਨਾਂ ਦੀਆਂ ਫੋਟੋਆਂ ਜਾਂ ਫਿਲਮਾਂ ਨੂੰ ਲਾਈਵ ਹੋ ਕੇ ਜਾਂ ਅੱਗੋਂ ਪਿੱਛੋਂ ਫੋਟੋਆਂ ਸੋਸ਼ਲ ਮੀਡੀਆ ਤੇ ਪਾਉਂਦੇ ਹਨ।ਇਹ ਇੱਕ ਤਰ੍ਹਾਂ ਨਾਲ ਆਪਣੀ ਸ਼ਾਨੋਸ਼ੌਕਤ ਦੀ ਮਸ਼ਹੂਰੀ ਕਰਨ ਲਈ ਕੀਤਾ ਜਾਂਦਾ ਹੈ। ਕਈ ਲੋਕ ਤਾਂ ਸਿਰਫ਼ ਵਿਖਾਵਾ ਕਰਨ ਲਈ ਕਰਜ਼ੇ ਸਿਰ ਤੇ ਚੜ੍ਹਾ ਕੇ ਘੁੰਮਣ ਜਾਂਦੇ ਹਨ ਕਿਉਂਕਿ ਉਹ ਉਹਨਾਂ ਰਿਸ਼ਤੇਦਾਰਾਂ ਜਾਂ ਦੋਸਤਾਂ ਮਿੱਤਰਾਂ ਨੂੰ ਦਿਖਾਉਣਾ ਚਾਹੁੰਦੇ ਹਨ ਜੋ ਪਹਿਲਾਂ ਘੁੰਮ ਕੇ ਆਏ ਹੁੰਦੇ ਹਨ।ਉਹ ਉਹਨਾਂ ਨੂੰ ਦੱਸਣਾ ਚਾਹੁੰਦੇ ਹਨ ਕਿ ਉਹ ਵੀ ਉਹਨਾਂ ਤੋਂ ਘੱਟ ਨਹੀਂ ਹਨ ਪਰ ਇਹ ਗੱਲਾਂ ਉਹਨਾਂ ਲਈ ਹੀ ਘਾਤਕ ਸਿੱਧ ਹੁੰਦੀਆਂ ਹਨ।

ਪੰਜਾਬ ਦੀਆਂ ਚੌੜੀਆਂ ਅਤੇ ਪੱਧਰੀਆਂ ਸੜਕਾਂ ਤੇ ਤੇਜ਼ ਰਫ਼ਤਾਰ ਕਾਰਾਂ ਅਤੇ ਮੋਟਰਸਾਈਕਲਾਂ ਨੂੰ ਚਲਾਉਣ ਵਾਲੇ ਨੌਜਵਾਨ ਪਹਾੜਾਂ ਵਿੱਚ ਘੁੰਮਣ ਗਏ ਉੱਥੋਂ ਦੀਆਂ ਸੜਕਾਂ ਉੱਤੇ ਉਸੇ ਤਰ੍ਹਾਂ ਵਾਹਨ ਚਲਾਉਂਦੇ ਹਨ। ਉੱਥੇ ਇੱਕ ਪਾਸੇ ਪਹਾੜ ਤੇ ਦੂਜੇ ਪਾਸੇ ਡੂੰਘੀਆਂ ਖਾਈਆਂ ਹੁੰਦੀਆਂ ਹਨ। ਛੋਟੀ ਜਿਹੀ ਲਾਪਰਵਾਹੀ ਕਾਰਨ ਉਹ ਆਪ ਤਾਂ ਹਾਦਸਿਆਂ ਦਾ ਸ਼ਿਕਾਰ ਹੁੰਦੇ ਹੀ ਹਨ ਪਰ ਕਈ ਧਿਆਨ ਨਾਲ ਆ ਰਹੇ ਲੋਕ ਵੀ ਉਹਨਾਂ ਲੋਕਾਂ ਦੀ ਲਾਪਰਵਾਹੀ ਦੀ ਚਪੇਟ ਵਿੱਚ ਆ ਕੇ ਆਪਣੇ ਟੱਬਰਾਂ ਦੇ ਟੱਬਰ ਗਵਾ ਬੈਠਦੇ ਹਨ। ਪਹਾੜੀ ਇਲਾਕਿਆਂ ਦੇ ਮੌਸਮਾਂ ਤੋਂ ਬੇਖ਼ਬਰ , ਉੱਥੋਂ ਦੇ ਨਦੀਆਂ ਨਾਲਿਆਂ ਤੋਂ ਬੇਖ਼ਬਰ ਇੱਕਦਮ ਆਏ ਪਾਣੀ ਦੇ ਤੇਜ਼ ਸੁਨਾਮੀ ਵਰਗੇ ਬਹਾਅ ਵੱਡੇ ਵੱਡੇ ਵਾਹਨ ਅਤੇ ਕਿੰਨੀਆਂ ਕੀਮਤੀ ਜ਼ਿੰਦਗੀਆਂ ਨੂੰ ਰੁੜ੍ਹਾ ਕੇ ਲੈ ਜਾਂਦੇ ਹਨ। ਕਈ ਵਾਰ ਭੂ-ਖਿਸਕਣ ਦੀਆਂ ਦਰਦਨਾਕ ਘਟਨਾਵਾਂ ਵਾਪਰਦੀਆਂ ਹਨ। ਵੱਡੇ ਵੱਡੇ ਰਾਕਸ਼ਸਾਂ ਵਰਗੇ ਪਹਾੜਾਂ ਦੇ ਪਹਾੜ ਜਦ ਡਿੱਗਦੇ ਹਨ ਤਾਂ ਸੜਕਾਂ ਦੇ ਨਾਲ ਨਾਲ ਉਹਨਾਂ ਉੱਪਰ ਖੜ੍ਹੇ ਵਾਹਨ ਵੀ ਉਹਨਾਂ ਹੇਠ ਦਫ਼ਨ ਹੋ ਜਾਂਦੇ ਹਨ। ਕਈ ਨੌਜਵਾਨ ਨਦੀਆਂ ਨਾਲਿਆਂ ਦੇ ਪਾਣੀਆਂ ਦੀ ਗਤੀ ਤੋਂ ਅਣਜਾਣ, ਪੰਜਾਬ ਦੀਆਂ ਨਹਿਰਾਂ ਵਿੱਚ ਛਾਲਾਂ ਮਾਰ ਕੇ ਅਸਾਨੀ ਨਾਲ ਤੈਰਨ ਵਾਲੇ ਮੁੰਡੇ ਅਕਸਰ ਉਹਨਾਂ ਦੀ ਤੇਜ਼ ਰਫ਼ਤਾਰੀ ਦੀ ਤਾਬ ਨਾ ਝੱਲਦੇ ਹੋਏ ਦੇਖਦੇ ਹੀ ਦੇਖਦੇ ਰੁੜ੍ਹ ਜਾਂਦੇ ਹਨ। ਮਾਪਿਆਂ ਦੀਆਂ ਲਾਡਲੀਆਂ ਔਲਾਦਾਂ ਦਾ ਇਸ ਤਰ੍ਹਾਂ ਭੰਗ ਦੇ ਭਾੜੇ ਚਲੇ ਜਾਣਾ ਵਾਕਿਆ ਹੀ ਬਹੁਤ ਦੁਖਦਾਈ ਅਤੇ ਅਸਹਿ ਹੁੰਦਾ ਹੈ। ਨਿੱਤ ਪੰਜਾਬ ਵੱਲੋਂ ਘੁੰਮਣ ਗਏ ਨੌਜਵਾਨਾਂ ਦੀਆਂ ਜਦ ਇਸ ਤਰ੍ਹਾਂ ਦੀਆਂ ਖਬਰਾਂ ਆਉਂਦੀਆਂ ਹਨ ਤਾਂ ਹਿਰਦੇ ਵਲੂੰਧਰੇ ਜਾਂਦੇ ਹਨ। ਸਾਰੇ ਸੈਲਾਨੀਆਂ ਨੂੰ ਇਹ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਜਿੱਥੇ ਉਹ ਘੁੰਮਣ ਜਾ ਰਹੇ ਹਨ ਕੀ ਉਹਨਾਂ ਥਾਵਾਂ ਤੋਂ ਜਾਣੂ ਹਨ ? ਨਹੀਂ ਤਾਂ ਹਰ ਓਪਰੀ ਜਗ ?ਹਾ ਤੇ ਜਾ ਕੇ ਦਾਇਰੇ ਵਿੱਚ ਰਹਿ ਕੇ ਹੀ ਮਨੋਰੰਜਨ ਕਰਨਾ ਚਾਹੀਦਾ ਹੈ। ਲੋਕ ਵਿਖਾਵੇ ਦੀ ਰੁਚੀ ਨੂੰ ਆਪਣੇ ਉੱਪਰ ਭਾਰੂ ਨਹੀਂ ਹੋਣ ਦੇਣਾ ਚਾਹੀਦਾ। ਸੈਲਫੀਆਂ ਲੈਂਦੇ ਡੂੰਘੀਆਂ ਖਾਈਆਂ ਵਿੱਚ ਗਿਰ ਜਾਣ ਵਰਗੀਆਂ ਘਟਨਾਵਾਂ ਤੋਂ ਬਚਣਾ ਚਾਹੀਦਾ ਹੈ। ਸੜਕਾਂ ਉੱਤੇ ਸਿਰਫ਼ ਓਧਰਲੇ ਲੋਕਾਂ ਜਾਂ ਮੌਸਮ ਮਾਹਿਰਾਂ ਦੀਆਂ ਹਿਦਾਇਤਾਂ ਅਨੁਸਾਰ ਹੀ ਨਿਕਲਣਾ ਚਾਹੀਦਾ ਹੈ। ਲੋਕੋ ! ਇਹ ਜ਼ਿੰਦਗੀ ਬਹੁਤ ਅਨਮੋਲ ਹੈ ਇਸਨੂੰ ਅਜਾਈਂ ਨਹੀਂ ਗਵਾਓ।

# ਪੈਨਸਨਰਾਂ ਦੇ ਮੈਡੀਕਲ ਬਿੱਲਾਂ ਦੀ ਪ੍ਰਤੀ ਪੂਰਤੀ ਸਮਾਂ ਬੱਧ ਕੀਤੀ ਜਾਵੇ



ਮੇਜਰ ਸਿੰਘ ਨਾਭਾ
ਮੋ. 9463553962

ਸਰਕਾਰੀ ਮੁਲਾਜ਼ਮਾਂ ਨੂੰ ਸਰਵਿਸ ਨਿਯਮਾਂ ਅਨੁਸਾਰ ਬਹੁਤ ਸਾਰੀਆਂ ਦਿੱਤੀਆਂ ਸਹੂਲਤਾਂ 'ਚ ਉਨ੍ਹਾਂ ਅਤੇ ਪਰਿਵਾਰ ਦੇ ਨਿਰਭਰ ਮੈਂਬਰਾਂ ਦੇ ਇਲਾਜ ਲਈ ਆਏ ਖਰਚ ਦੀ ਨਿਯਮਾਂ ਮੁਤਾਬਕ ਪ੍ਰਤੀ ਪੂਰਤੀ ਵੀ ਕੀਤੀ ਜਾਂਦੀ ਹੈ ।ਇਨ੍ਹਾਂ ਮੁਲਜਮਾਂ ਨੂੰ ਕਿਸੇ ਵੀ ਹਸਪਤਾਲ ਤੋਂ ਇਲਾਜ ਕਰਾਉਣ ਤੇ ਆਏ ਖਰਚੇ ਦੀ ਪ੍ਰਤੀ ਪੂਰਤੀ ਕਰਨ ਲਈ ਵਿਵਸਥਾ ਕੀਤੀ ਹੋਈ ਹੈ ।ਪ੍ਰਾਈਵੇਟ ਹਸਪਤਾਲਾਂ ਵਿੱਚ ਕਰਵਾਏ ਇਲਾਜ ਦੇ ਖਰਚੇ ਜ਼ਿਆਦਾ ਹੁੰਦੇ ਹਨ , ਜੋ ਪੂਰੇ ਨਹੀਂ ਮਿਲਦੇ , ਇਹ ਗੱਲ ਵੀ ਮਰੀਜ਼ਾਂ ਲਈ ਸਿਰਦਰਦੀ ਬਣਦੀ ਹੈ ।ਦੂਸਰਾ ਮੈਡੀਕਲ ਬਿਲਾਂ ਦੇ ਪਾਸ ਹੋਣ ਲਈ ਕੋਈ ਸਮਾਂ-ਬੱਧ ਵਿਵਸਥਾ ਨਾ ਹੋਣ ਕਾਰਨ ਬਹੁਤੇ ਮਰੀਜ਼ਾਂ ਦੇ ਬਿੱਲ ਦਫਤਰਾਂ 'ਚ ਰੁਲਦੇ ਫਿਰਦੇ ਰਹਿੰਦੇ ਹਨ ।ਲੰਮੇ ਸਮੇਂ ਬਾਅਦ ਇਤਰਾਜ਼ ਲਾ ਕੇ ਵਾਪਸ ਕਰ ਦਿੱਤੇ ਜਾਂਦੇ ਹਨ ਇਸ ਤਰ੍ਹਾਂ ਕਈ ਕਈ ਸਾਲਾਂ ਤੋਂ ਵੱਧ ਦਾ ਸਮਾਂ ਬਿੱਲ ਪਾਸ ਹੋਣ ਨੂੰ ਲੱਗ ਜਾਂਦਾ ਹੈ ।ਸਿਹਤ ਵਿਭਾਗ ਨੇ ਇਹ ਬਿੱਲ ਪਾਸ ਕਰਨੇ ਹੁੰਦੇ ਹਨ ।ਇਨ੍ਹਾਂ ਬਿਲਾਂ ਨੂੰ ਅਪਲਾਈ ਕਰਨ ਲਈ ਵੱਖ ਵੱਖ ਜਿਲਿ ?ਹਆਂ 'ਚ ਵੱਖ ਵੱਖ ਫਾਰਮ ਦੁਕਾਨਾਂ ਵਾਲਿਆਂ ਨੇ ਛਾਪੇ ਹੋਏ ਹਨ ਜਿਨ੍ਹਾਂ 'ਚ ਕਈ ਅਣਲੌਂੜੀਂਦੇ ਫਾਰਮ ਵੀ ਛਾਪ ਰੱਖੇ ਹਨ ।ਵਿਭਾਗ ਵਲੋਂ ਸਮੇਂ ਸਮੇਂ ਆਪਣੀ ਵੈਬਸਾਈਟ ਤੇ ਇਹ ਪੂਰੇ ਲੌਂੜੀਂਦੇ ਦਸਤਾਵੇਜ਼ ਡਾਊਨਲੋਡ ਕਰਨੇ ਚਾਹੀਦੇ ਹਨ ਤਾਂ ਕਿ ਮਰੀਜ਼ਾਂ ਨੂੰ ਸੂਰੂਆਤ ਦੀ ਖੱਜਲਖੁਆਰੀ ਤੋਂ ਛੁਟਕਾਰਾ ਮਿਲ ਸਕੇ ।ਵੱਖ-ਵੱਖ ਮਹਿਕਮਿਆਂ ਵਲੋਂ ਵੀ ਇਨ੍ਹਾਂ ਫਾਰਮਾਂ 'ਚ ਇਕਸਾਰਤਾ ਨਾਲ ਅਪਲਾਈ ਕਰਾਉਣਾ ਚਾਹੀਦਾ ਹੈ ਤਾਂ ਕਿ ਮਰੀਜ਼ ਆਸਾਨੀ ਨਾਲ ਇਹ ਫਾਰਮ ਆਪ ਹੀ ਭਰ ਸਕੇ ਨਹੀਂ ਤਾਂ ਬਾਹਰੋਂ ਬਿਲ ਬਣਾਉਣ ਲਈ ਕਈ ਵਾਰੀ ਹਜਾਰਾਂ ਰੁਪਏ ਵੀ ਦੇਣੇ ਪੈਂਦੇ ਹਨ।

ਹੁਣ ਗੱਲ਼ ਆਉਂਦੀ ਹੈ ਬਿਲਾਂ ਦੇ ਪਾਸ ਹੋਣ ਦੇ ਸਮੇਂ ਦੀ,ਰੈਗੂਲਰ ਮੁਲਾਜ਼ਮ ਤਾਂ ਜਿਨ੍ਹਾਂ ਦੇ ਵੱਡੇ ਖਰਚੇ ਹੁੰਦੇ ਹਨ ਤਨਖਾਹਾਂ ਕਰਕੇ ਲੰਬਾ ਸਮਾਂ ਮੈਡੀਕਲ ਬਿਲਾਂ ਦੀ ਪ੍ਰਤੀ ਪੂਰਤੀ ਲਈ ਇੰਤਜਾਰ ਕਰ ਲੈਂਦੇ ਹਨ ਪਰ ਪੈਨਸ਼ਨਰ ਜਿਨ੍ਹਾਂ ਦੇ ਇਲਾਜ ਉੱਪਰ ਲੱਖਾਂ ਰੁਪਏ ਖਰਚੇ ਜਾਂਦੇ ਹਨ ਉਨ੍ਹਾਂ ਲਈ ਔਖਾ ਜਰੂਰ ਹੈ ।ਇਧਰੋਂ ਓਧਰੋਂ ਪੈਸੇ ਫੜ੍ਹ ਕੇ ਇਲਾਜ ਕਰਾਇਆ ਹੁੰਦਾ ਹੈ ਜਿਸ ਕਰਕੇ ਵਾਅਦੇ ਮੁਤਾਬਕ ਪੈਸੇ ਮੋੜਨੇ ਸੌਖੇ ਨਹੀਂ,ਜਿਸ ਕਰਕੇ ਉਨ੍ਹਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ ।ਜਦੋਂ ਸਰਕਾਰ ਨੇ ਬਿੱਲ ਪਾਸ ਕਰਨੇ ਹੀ ਹੁੰਦੇ ਹਨ ਤਾਂ ਇਨ੍ਹਾਂ ਦਾ ਨਿਪਟਾਰਾ ਜਲਦੀ ਕਿਉਂ ਨਹੀਂ ਕੀਤਾ ਜਾਂਦਾ,ਹੁਣ ਤਾਂ ਸਾਰੇ ਮਹਿਕਮੇ ਕੰਪਿਊਟਰਾਈਜ਼ਡ ਹੋ ਗਏ ਹਨ ।ਸਿਹਤ ਵਿਭਾਗ ਵਲੋਂ ਜਿਲ੍ਹਾ ਪੱਧਰ ਅਤੇ ਸਟੇਟ ਪੱਧਰ ਤੇ ਇਹ ਬਿਲ ਉਨ੍ਹਾਂ ਦੀਆਂ ਰਕਮਾਂ ਮੁਤਾਬਕ ਪਾਸ ਕਰਨ ਲਈ ਮੈਡੀਕਲ ਬੋਰਡ ਦੇ ਮੈਂਬਰਾਂ ਦਾ ਗਠਨ ਕੀਤਾ ਹੋਇਆ ਹੈ ।ਇੱਕ ਲੱਖ ਤੋਂ ਉੱਪਰ ਮੈਡੀਕਲ ਬਿਲ ਹੈਲਥ ਡਾਇਰੈਕਟਰ ਦੇ ਦਫਤਰੋਂ ਪਾਸ ਹੁੰਦਾ ਹੈ ਪਰ ਇੱਕ ਲੱਖ ਤੋਂ ਵੱਧ ਵਾਲੇ ਬਿਲ ਸਿਵਲ ਸਰਜਨ ਦਫਤਰ ਵਲੋਂ ਗਠਿਤ ਬੋਰਡ ਦੀ ਮੀਟਿੰਗ ਵਲੋਂ ਪਾਸ ਕਰਕੇ ਭੇਜਣ ਕਾਰਨ ਦੇਰੀ ਦਾ ਕਾਰਨ ਬਣਦਾ ਹੈ ਜੋ ਨਹੀਂ ਹੋਣਾ ਚਾਹੀਦਾ ਸਗੋਂ ਡੀਲਿੰਗ ਕਲਰਕ ਜਾਂ ਸੁਪਰਡੰਟ ਵਲੋਂ ਰਕਮ ਵੈਰੀਫਾਈ ਕਰਕੇ ਹੀ ਅੱਗੇ ਭੇਜ ਦੇਣਾ ਚਾਹੀਦਾ ਹੈ, ਜੇ ਮੈਡੀਕਲ ਬੋਰਡ ਨੇ ਚੈਕ ਕਰ ਕੇ ਹੀ ਭੇਜਣਾ ਹੈ ਤਾਂ ਡਾਇਰੈਕਟਰ ਸਿਹਤ ਸੇਵਾਵਾਂ ਕੋਲ ਭੇਜਣ ਦੀ ਕੀ ਤੁੱਕ ਰਹਿ ਜਾਂਦੀ ਹੈ । ਇਸ ਤਰ੍ਹਾਂ ਮਹਿਕਮੇ ਦਾ ਕੰਮ ਵਧਦਾ ਹੀ ਹੈ ।ਇਸੇ ਕਰਕੇ ਕਈ ਵਾਰ ਜਿਲ੍ਹੇ 'ਚੋਂ ਬਿਲ ਨੂੰ ਉੱਪਰ ਜਾਣ ਲਈ ਮਹੀਨੇ ਤੋਂ ਵੀ ਵੱਧ ਸਮਾਂ ਲੱਗ ਜਾਂਦਾ ਹੈ । ਉਂਝ ਇਹ ਵੀ ਇੱਕ ਦੇਰੀ ਦਾ ਕਾਰਨ ਜਾਪਦਾ ਹੈ ਕਿ ਮਹਿਕਮੇ ਦਾ ਸਿਸਟਮ ਲੜੀਵਾਰ ਆਏ ਕੇਸਾਂ ਨੂੰ ਲੜੀ 'ਚ ਨਹੀਂ ਰੱਖਦਾ ।ਇਸ ਸਬੰਧ 'ਚ ਉੱਚ ਅਧਿਕਾਰੀਆਂ ਨੂੰ ਇਸ ਸਿਸਟਮ ਨੂੰ ਸਮਾਂ-ਬੱਧ ਕਰਨਾ ਚਾਹੀਦਾ ਹੈ ਜੋ ਕਿ ਪਿਛਲੇ ਦਿਨੀਂ ਮਾਣਯੋਗ ਹਾਈ ਕੋਰਟ ਦੇ ਇੱਕ ਫੈਸਲੇ 'ਚ ਦੋ ਮਹੀਨੇ ਅੰਦਰ ਮੈਡੀਕਲ ਬਿਲਾਂ ਦੀ ਪ੍ਰਤੀਪੂਰਤੀ ਕਰਨ ਲਈ ਕਿਹਾ ਹੈ ।ਸਿੱਖਿਆ ਵਿਭਾਗ ਨੇ ਆਂਪਣੇ ਮੁਲਾਜ਼ਮਾਂ ਲਈ ਆਨ ਲਾਈਨ ਸਿਹਤ ਵਿਭਾਗ ਦੇ ਬੋਰਡ ਵਲੋਂ ਪਾਸ ਹੋਏ ਬਿਲ ਭੇਜਣ ਲਈ ਹੇਠਲੇ ਅਧਿਕਾਰੀਆਂ ਨੂੰ ਪੱਤਰ ਜਾਰੀ ਕੀਤਾ ਹੈ ਪਰ ਇਹ ਕੰਮ ਵੀ ਢਿੱਲਾ ਹੈ ਇਸ ਨੂੰ ਘੱਟੋ ਘੱਟ ਸੀਮਤ ਸਮੇਂ 'ਚ ਕਰਨ ਦੀ ਲੋੜ ਹੈ ।ਵੈਸੇ ਤਾਂ ਇਹ ਕੰਮ ਜਿਲ੍ਹਾ ਪੱਧਰ ਤੇ ਹੀ ਬਜਟ ਜਾਰੀ ਕਰਨ ਦੀ ਵਿਵਸਥਾ ਹੋਣੀ ਚਾਹੀਦੀ ਹੈ ।ਸਬੰਧਤ ਡੀ.ਡੀ.ਓ. ਵਲੋਂ ਸਿਰਫ ਪਾਸ ਹੋਏ ਬਿਲ ਦੀ ਈਮੇਲ ਤੇ ਭੇਜੀ ਕਾਪੀ ਨੂੰ ਮੁੱਖ ਦਫਤਰ ਵਲੋਂ ਮੰਨ ਲੈਣਾ ਚਾਹੀਦਾ ਹੈ ਕਰਮਚਾਰੀ ਦੀ ਈਮੇਲ ਤੋਂ ਭੇਜਣ ਲਈ ਪੈਨਸ਼ਨਰਾਂ ਨੂੰ ਦਿੱਕਤ ਆਉਂਦੀ ਹੈ , ਜੋ ਦਸਤਾਵੇਜ਼ ਅਪਲੋਡ ਕਰਨ ਲਈ ਮੰਗੇ ਜਾਂਦੇ ਹਨ , ਉਹ ਜਿਆਦਾ ਹੋਣ ਕਾਰਨ ਪੈਨਸ਼ਨਰਾਂ ਲਈ ਆਪਣੀ ਆਈ ਡੀ ਤੋਂ ਅਪਲੋਡ ਕਰਨੇ ਸੌਖੇ ਨਹੀਂ ਕਿਉਂ ਕਿ ਇਹ ਸੀਮਤ ਐਮ.ਬੀ. 'ਚ ਫਾਈਲ ਬਣਾ ਕੇ ਭੇਜਣੀ ਹੁੰਦੀ ਹੈ ਇਸ ਲਈ ਇਹ ਬਾਹਰੋਂ ਕੈਫੇ ਤੋਂ ਕਰਵਾਉਣੀ ਪੈਂਦੀ ਹੈ ।ਸਰਕਾਰ ਵਲੋਂ ਪੈਨਸ਼ਨਰਾਂ ਦੇ ਮੈਡੀਕਲ ਬਿਲਾਂ ਨੂੰ ਪਹਿਲ ਦੇ ਆਧਾਰ ਤੇ ਬਜ਼ਟ ਅਲਾਟ ਕਰਨਾ ਚਾਹੀਦਾ ਹੈ ।

ਬਹੁਤ ਸਾਰੇ ਪੈਨਸ਼ਨਰ ਮਰੀਜ਼ ਤਾਂ ਬਿਲਾਂ ਦੇ ਪੈਸੇ ਉਡੀਕਦੇ ਇਸ ਜਹਾਨ ਤੋਂ ਵੀ ਚਲੇ ਜਾਂਦੇ ਹਨ ।ਵੱਡੇਰੀਆਂ ਉਮਰਾਂ ਕਰਕੇ ਬਿਮਾਰੀਆਂ ਉਂਝ ਵੀ ਜਿਆਦਾ ਪਕੜ ਕਰ ਜਾਂਦੀਆਂ ਹਨ ਜਿਸ ਕਰਕੇ ਪੈਨਸ਼ਨਰ ਖਰਚਿਆਂ ਦੀ ਚਿੰਤਾ ਕਰਕੇ ਕਈ ਵਾਰੀ ਐਵੇਂ ਹੀ ਦਿਲ ਨੂੰ ਲਾ ਕੇ ਨਵੀਂਆਂ ਬਿਮਾਰੀਆਂ ਤੋਂ ਗ੍ਰਸ਼ਤ ਹੋ ਕੇ ਹੋਰ ਵੀ ਪਹਿਲਾਂ ਹੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਜਾਂਦੇ ਹਨ ।ਇਸ ਲਈ ਘੱਟੋ ਘੱਟ ਪੈਨਸ਼ਨਰਾਂ ਦੇ ਇਲਾਜ ਦੇ ਖਰਚੇ ਨੂੰ ਨਾਲ ਦੀ ਨਾਲ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਜ਼ਿੰਦਗੀ ਨੂੰ ਵਧੀਆ ਤਰੀਕੇ ਨਾਲ ਮਾਣ ਸਕਣ ।ਬਹੁਤ ਸਾਰੇ ਪ੍ਰਾਈਵੇਟ ਅਦਾਰੇ ਆਪਣੇ ਮੁਲਾਜ਼ਮਾਂ ਦਾ ਸਾਰਾ ਇਲਾਜ਼ ਫਰੀ ਕਰਾਉਂਦੇ ਹਨ, ਡੀਫੈਂਸ ਕਰਮਚਾਰੀਆਂ ਲਈ ਨਿਸਚਤ ਕੀਤੇ ਪ੍ਰਾਈਵੇਟ ਹਸਪਤਾਲਾਂ 'ਚ ਉਨ੍ਹਾਂ ਦਾ ਪੂਰਾ ਫਰੀ ਇਲਾਜ਼ ਕੀਤਾ ਜਾਂਦਾ ਹੈ ।ਨਹੀਂ ਤਾਂ ਇਸ ਤਰ੍ਹਾਂ ਹੀ ਪੰਜਾਬ ਸਰਕਾਰ ਨੂੰ ਕਰਨਾ ਚਾਹੀਦਾ ਹੈ ਹੋਰ ਨਹੀਂ ਤਾਂ ਘੱਟੋ-ਘੱਟ ਪੈਨਸ਼ਨਰਾਂ ਦੇ ਮੈਡੀਕਲ ਬਿਲਾਂ ਨੂੰ ਪਹਿਲ ਦੇ ਆਧਾਰ ਤੇ ਬਜ਼ਟ ਅਲਾਟ ਕਰਨਾ ਚਾਹੀਦਾ ਹੈ ।

# ਸਿੱਖ ਕੌਮ ਦਾ ਮਹਾਨ ਜਰਨੈਲ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ





ਸੁਖਵਿੰਦਰ ਸਿੰਘ ਮੁੱਲਾਂਪੁਰ (ਆਸਟ੍ਰੇਲੀਆ)
ਮੋ.+61 484 269 198

ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜਨਮ 16 ਅਕਤੂਬਰ 1670 ਈ: ਦੇ ਦਿਨ ਕਸ਼ਮੀਰ ਦੇ ਪੁਣਛ ਜਿਲ੍ਹੇ ਦੇ ਪਿੰਡ ਰਜੌੜੀ ਪਠਾਨਕੋਟ ਤੋਂ 275 ਕਿਲੋਮੀਟਰ ਤੇ ਜੰਮੂ ਤੋਂ 163 ਕਿਲੋਮੀਟਰ ਬਾਬਾ ਰਾਮ ਦੇਵ ਦੇ ਘਰ ਹੋਇਆ।ਉਸ ਦੇ ਮਾਪਿਆਂ ਨੇ ਉਸ ਦਾ ਨਾਮ ਲਛਮਣ ਦਾਸ ਰੱਖਿਆ।ਆਪਦਾ ਪਰਿਵਾਰ ਰਾਜਪੂਤ ਬਰਾਦਰੀ ਨਾਲ ਸਬੰਧ ਰੱਖਦਾ ਸੀ।

ਬਾਬਾ ਰਾਮ ਦੇਵ ਨੇ ਆਪਣੇ ਪੁੱਤਰ ਲਛਮਣ ਦਾਸ ਨੂੰ ਰਾਜਪੂਤ ਰਵਾਇਤਾਂ ਮੁਤਾਬਕ ਘੋੜ ਸਵਾਰੀ, ਕੁਸਤੀ,ਤਲਵਾਰ ਚਲਾਉਣਾ,ਤੀਰ- ਅੰਦਾਜੀ ਅਤੇ ਹੋਰ ਮਾਰਸ਼ਲ ਖੇਡਾਂ ਸਿਖਾਈਆਂ ਉਹ ਨਿੱਕੀ ਉਮਰ ਵਿਚ ਹੀ ਸ਼ਿਕਾਰ ਖੇਡਣ ਲੱਗ ਪਿਆ ਸੀ।

ਬਾਬਾ ਬੰਦਾ ਸਿੰਘ ਬਹਾਦਰ ਨੇ ਜਾਨਕੀ ਦਾਸ ਵੈਰਾਗੀ ਸਾਧੂ ਪਾਸੋਂ ਰਾਜੌਰੀ ਵਿਚ ਅਤੇ ਸਾਧੂ ਰਾਮ ਦਾਸ ਪਾਸੋਂ ਰਾਮ ਥੰਮਣ ਜਿਲ੍ਹਾ ਲਾਹੌਰ ਵਿਚ ਉਪਦੇਸ਼ ਲਿਆ।ਇਸ ਤਰਾਂ ਹੀ ਜੋਗੀ ਔਗੜ ਨਾਥ ਪਾਸੋਂ ਨਾਸਿਕ ਵਿਖੇ ਉਪਦੇਸ਼ ਲਿਆ ਫਿਰ ਸ੍ਰੀ ਗੁਰੂ ਗੋਬਿੰਦ ਜੀ ਪਾਸੋਂ ਨੰਦੇੜ ਦੱਖਣ ਵਿਚ ਉਪਦੇਸ਼ ਲਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਉਪਦੇਸ਼ ਦੇ ਕੇ ਅਤੇ ਅੰਮ੍ਰਿਤਪਾਨ ਕਰਵਾ ਕੇ ਬੰਦੇ ਤੋਂ ਬੰਦਾ ਸਿੰਘ ਬਹਾਦਰ ਬਣਾ ਦਿੱਤਾ।ਸਤਿਗੁਰੂ ਜੀ ਨੇ ਰਹਿਤ ਵਿਚ ਪੱਕੇ ਰਹਿਣ ਅਤੇ ਔਕੜ ਵੇਲੇ ਗੁਰੂ ਅਕਾਲ ਪੁਰਖ ਅੱਗੇ ਅਰਦਾਸ ਕਰਨ ਦੀ ਵਿਸ਼ੇਸ਼ ਹਦਾਇਤ ਕੀਤੀ।

1708 ਨੂੰ ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਨਦੇੜ ਤੋਂ ਤਿਆਰ ਬਰ ਤਿਆਰ ਕਰਕੇ ਪੰਜ ਸਿੰਘਾਂ ਦੀ ਅਗਵਾਈ ਵਿਚ ਅਤੇ ਆਪਣੇ ਪੱਥੇ ਵਿਚੋਂ ਪੰਜ ਤੀਰ ਦੇ ਕੇ ਪੰਜਾਬ ਵੱਲ ਮੁਗਲਾਂ ਨਾਲ ਟੱਕਰ ਲੈਣ ਲਈ ਭੇਜਿਆ। ਉਸ ਟਾਇਮ ਵੀਹ ਕੁ ਸਿੰਘ ਨਾਲ ਹੋਰ ਵੀ ਭੇਜ ਦਿੱਤੇ ਸਨ।

26 ਨਵੰਬਰ 1709 ਨੂੰ ਸਭ ਤੋਂ ਪਹਿਲਾਂ ਇਹਨਾਂ ਸਮਾਣੇ ਤੇ ਧਾਵਾ ਬੋਲਿਆ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਕਾਤਲ ਸੱਯਦ ਜਲਾਲਦੀਨ ਅਤੇ ਛੋਟੇ ਸਾਹਿਬਜਾਦਿਆਂ ਦੇ ਕਾਤਲ ਸ਼ਾਸਲਬੇਗ ਬਾਸ਼ਲਬੇਗ ਰਹਿੰਦੇ ਸਨ ਫਿਰ ਘੁੜਾਮ,ਠਸਕਾ, ਸ਼ਾਹਾਬਾਦ, ਵਜ਼ੀਰ ਖਾਂ ਦਾ ਪਿੰਡ ਕੁੰਜਪੁਰਾ, ਮੁਸਤਫ਼ਾਬਾਦ, ਕਪੂਰੀ ਤੇ ਸਢੌਰੇ ਦੇ ਦੁਸਟਾਂ ਨੂੰ ਸੋਧਿਆ।12 ਮਈ 1710 ਨੂੰ ਚੱਪੜਚਿੜੀ ਦਾ ਮੈਦਾਨ ਅਤੇ 14 ਮਈ 1710 ਨੂੰ ਸਰਹੰਦ ਆਦਿ ਜਿੱਤਦੇ ਹੋਏ 1715 ਨੂੰ ਬਟਾਲਾ ਕਲਾਨੌਰ ਵੱਲ ਨਿੱਕਲ ਗਏ। ਉਹਨਾਂ ਅਖੀਰਲੀ ਲੜਾਈ ਲਾਹੌਰ ਦੇ ਸੂਬੇ ਅਬਦਲ ਸਮੁੰਦ ਖਾਂ ਨਾਲ ਗੁਰਦਾਸਪੁਰ ਤੋਂ ਚਾਰ ਕੁ ਮੀਲ ਪੱਛਮ ਵੱਲ ਪਿੰਡ ਗੁਰਦਾਸਪੁਰ ਨੰਗਲ ਦੇ ਦੁਨੀ ਚੰਦ ਦੀ ਗੜ੍ਹੀ ਨੁਮਾ ਹਵੇਲੀ ਵਿਚ ਲੜੀ।

ਸ਼ਾਹੀ ਫੌਜ਼ਾਂ ਨੇ ਗੜ੍ਹੀ ਅੰਦਰ ਰਾਸ਼ਨ ਪਾਣੀ ਜਾਣਾ ਸਭ ਕੁਝ ਬੰਦ ਕਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੰਘ ਅੰਦਰ ਕੱਚਾ ਮਾਲ ਖਾ ਕੇ ਗੁਜਾਰਾ ਕਰਦੇ ਰਹੇ। ਸ਼ਾਹੀ ਫੌਜ਼ਾਂ ਘੇਰਾ ਤੰਗ ਕਰਦੀਆਂ ਗਈਆਂ। ਅਖੀਰ ਬਾਬਾ ਜੀ ਅਤੇ ਸਿੱਖ ਭੁਖਣ ਭਾਣਿਆਂ ਨੂੰ ਅੱਠ ਮਹੀਨੇ ਦੀ ਲੜਾਈ ਤੋਂ ਬਾਅਦ 7 ਦਸੰਬਰ 1715 ਨੂੰ ਗ੍ਰਿਫ਼ਤਾਰ ਕਰ ਲਿਆ ਜਿੰਨਾ ਦੀ ਗਿਣਤੀ 700 ਸੀ। ਇਹਨਾਂ ਨੂੰ ਗੜ੍ਹੀ ਤੋ ਕੈਦ ਕਰਕੇ ਲਾਹੌਰ ਲਿਆਂਦਾ ਗਿਆ ਅਤੇ ਗਲੀਆਂ ਵਿਚ ਫੇਰ ਕੇ ਦਿੱਲੀ ਵੱਲ ਤੋਰਿਆ ਗਿਆ ਰਸਤੇ ਵਿਚ ਜੋ ਵੀ ਸਿੰਘ ਮਿਲਿਆ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬਾਬਾ ਬੰਦਾ ਸਿੰਘ ਜੀ ਦੀ ਮਾਤਾ, ਸਪੁਤਨੀ ਅਤੇ ਉਹਨਾਂ ਦੇ ਤਿੰਨ ਸਾਲ ਦੇ ਪੁੱਤਰ ਸ੍ਰੀ ਅਜੈ ਸਿੰਘ ਨੂੰ ਵੀ ਫੜ ਕੇ ਨਾਲ ਲਿਜਾ ਰਹੇ ਸਨ।

ਬਾਬਾ ਜੀ ਨੂੰ ਚਾਰ ਥਾਵਾਂ ਤੋਂ ਸੰਗਲਾਂ ਨਾਲ ਨੂੜ ਕੇ ਲੋਹੇ ਦੇ ਪਿੰਜਰ ਵਿਚ ਬੰਦ ਕਰਕੇ ਹਾਥੀ ਉਪਰ ਰੱਖ ਕੇ ਚੰਗੀ ਤਰਾਂ ਬੰਨਿਆ ਹੋਇਆ ਸੀ। ਕੋਲ ਇਕ ਮੁਗਲ ਅਫ਼ਸਰ ਨੂੰ ਵੀ ਤਿਆਰ ਬਰ ਤਿਆਰ ਕਰਕੇ ਬਿਠਾਇਆ ਹੋਇਆ ਸੀ। ਜੇਕਰ ਬਾਬਾ ਜੀ ਕਿਸੇ ਕਰਾਮਾਤ ਕਰਕੇ ਨਿਕਲ ਕੇ ਭੱਜਣ ਲੱਗਣ ਤਾਂ ਢਿੱਡ ਵਿਚ ਇਕਦਮ ਛੁਰਾ ਖੋਬ ਦਿੱਤਾ ਜਾਵੇ। ਬਾਬਾ ਜੀ ਦੇ ਨਾਲ ਦੋ ਸੋ ਦੇ ਕਰੀਬ ਸਿੱਖਾਂ ਨੂੰ ਹੱਥ ਕੜੀਆਂ ਅਤੇ ਬੇੜੀਆਂ ਪਾ ਕੇ ਖੋਤੇ ਖੱਚਰਾਂ ਉਤੇ ਬਿਠਾਇਆ ਹੋਇਆ ਸੀ।

ਬਾਬਾ ਜੀ ਦੇ ਮਗਰ ਕੈਦੀਆਂ ਦੀ ਗਿਣਤੀ 700 ਤੇ ਨੇਜ਼ਿਆਂ ਉਪਰ ਟੰਗੇ ਗਏ ਸਿਰਾਂ ਦੀ ਗਿਣਤੀ 2000 ਸੀ ਜੋ ਸਭ ਤੋਂ ਅੱਗੇ ਹੋ ਕੇ ਚੱਲ ਰਹੇ ਸਨ।ਇਸ ਤੋਂ ਇਲਾਵਾ 700 ਗੱਡੇ ਸਿੱਖਾਂ ਦੇ ਬਿਨਾ ਸਿਰਾਂ ਤੋਂ ਭਰੇ ਹੋਏ ਸਨ। ਇਹ ਸਾਰਾ ਕਾਫ਼ਲਾ 28 ਫ਼ਰਵਰੀ 1716 ਨੂੰ ਦਿੱਲੀ ਪੁੱਜਾ।

ਜਦ ਇਹ ਕਾਫ਼ਲਾ ਦਿੱਲੀ ਪੁੱਜਾ ਤਾਂ ਬਾਦਸ਼ਾਹ ਫਰੁੱਖਸ਼ੀਅਰ ਦੇ ਹੁਕਮ ਨਾਲ ਬਾਬਾ ਬੰਦਾ ਸਿੰਘ ਬਹਾਦਰ ਜੀ, ਭਾਈ ਬਾਝ ਸਿੰਘ ਬਾਬਾ ਕਾਨ੍ਹ ਸਿੰਘ ਭਾਈ ਫ਼ਤਿਹ ਸਿੰਘ ਆਦਿ ਮੋਹਰੀ ਸਿੱਖ ਸਰਦਾਰਾਂ ਨੂੰ ਅਲਹਿਦਾ ਕੈਦ ਵਿਚ ਰੱਖਿਆ ਗਿਆ। ਬਾਕੀ 700 ਤੋਂ ਵੱਧ ਸਿੱਖਾਂ ਨੂੰ ਸਰਬਰਾਹ ਖਾਂ ਕੋਤਵਾਲ ਦੇ ਸਪੁੱਰਦ ਕੀਤਾ ਗਿਆ ਤਾਂ ਕੇ ਇਹਨਾਂ ਦਾ ਕਤਲ ਕਰ ਦਿੱਤਾ ਜਾਵੇ। ਬਾਬਾ ਜੀ ਦੇ ਪੁੱਤਰ ਅਜੈ ਸਿੰਘ ਇਸ ਦੀ ਮਾਤਾ ਅਤੇ ਦਾਦੀ ਜੀ ਨੂੰ ਦਰਬਾਰ ਖਾਂ ਨਾਜ਼ਮ ਦੇ ਹਰਮ ਜ਼ਨਾਨਾ ਖਾਨੇ ਵਿਚ ਰੱਖਿਆ ਗਿਆ।

700 ਸਿੱਖ ਕੈਦੀ ਸਿੱਖਾਂ ਦਾ ਕਤਲੇਆਮ 5 ਮਾਰਚ ਤੋਂ 12 ਮਾਰਚ 1716 ਤੱਕ ਕੀਤਾ ਗਿਆ। ਹਰ ਰੋਜ਼ ਸੌ ਸਿੱਖਾਂ ਦਾ ਕਤਲ ਕਰ ਦਿੱਤਾ ਜਾਂਦਾ। ਗੁਰੂ ਦੇ ਸਿੱਖਾਂ ਨੂੰ ਪਹਿਲਾਂ ਧਰਮ ਪਰੀਵਰਤਨ ਦਾ ਲਾਲਚ ਦਿੱਤਾ ਜਾਂਦਾ ਪਰ ਗੁਰੂ ਦੇ ਸਿੱਖ ਅਡੋਲ ਰਹਿੰਦੇ। ਕਿਸੇ ਨੇ ਵੀ ਧਰਮ ਪਰੀਵਰਤਨ ਨਾ ਕੀਤਾ ਪਰ ਸ਼ਹੀਦੀ ਦਾ ਜਾਮ ਪੀ ਗਏ।ਇਹਨਾਂ ਦੀਆਂ ਲਾਸ਼ਾਂ ਦੇ ਟੁਕੜੇ ਕਰ ਕੇ ਦਿੱਲੀ ਸ਼ਹਿਰ ਵਿਚ ਚਾਰੇ ਪਾਸੇ ਲਟਕਾ ਦਿੱਤਾ ਗਏ ਤਾਂ ਜੋ ਲੋਕਾਂ ਵਿਚ ਦਹਿਸ਼ਤ ਫੈਲਾਈ ਜਾ ਸਕੇ।ਕੁਝ ਹੀ ਦਿਨਾਂ ਵਿਚ ਇਹਨਾਂ ਲਾਸ਼ਾਂ ਦੇ ਟੁਕੜਿਆਂ ਦਾ ਮਾਸ ਗਿਰਝਾਂ ਨੇ ਖਾ ਲਿਆ ਪਰ ਇਹਨਾਂ ਦੇ ਪਿੰਜਰ ਤੇ ਹੱਡੀਆਂ ਕਾਫੀ ਦੇਰ ਤੱਕ ਲਟਕ ਦੀਆਂ ਰਹੀਆਂ।ਮੁਸਲਮਾਨਾਂ ਦੇ ਬੱਚੇ ਇਹਨਾਂ ਹੱਡੀਆਂ ਤੇ ਪੱਥਰ ਮਾਰ ਮਾਰ ਕੇ ਆਪਣਾ ਗੁੱਸਾ ਕਢਦੇ ਰਹੇ।

ਇਸ ਕਤਲ ਤੋਂ ਬਾਅਦ ਤਿੰਨ ਮਹੀਨੇ ਤੱਕ ਪੂਰੀ ਚੁੱਪ ਰਹੀ।ਇਸ ਸਮੇਂ ਵਿਚ ਬੰਦਾ ਸਿੰਘ ਅਤੇ ਉਸ ਦੇ ਮੁਖ ਸਾਥੀਆਂ ਨੂੰ ਨਹੀਂ ਮਰਿਆ ਗਿਆ। ਉਹਨਾਂ ਨੂੰ ਹਾਲ ਦੀ ਘੜੀ ਇਸ ਉਮੀਦ ਤੇ ਨਹੀਂ ਸੀ ਮਾਰਿਆ ਤਾਂ ਜੋ ਉਹਨਾਂਉਹਨਾਂ ਤੋਂ ਖਜ਼ਾਨੇ ਦਾ ਭੇਤ ਲਗਾਇਆ ਜਾ ਸਕੇ ਅਤੇ ਉਹਨਾਂ ਆਦਮੀਆਂ ਦਾ ਪਤਾ ਲੱਗ ਸਕੇ ਜਿੰਨਾਂ ਨੇ ਉਸ ਦੀ ਮੱਦਦ ਕੀਤੀ।ਬੰਦਾ ਸਿੰਘ ਦੀ ਵਾਰੀ 9 ਜੂਨ 1716 ਨੂੰ ਆਈ।ਜਦੋਂ ਉਸ ਨੂੰ ਜਲੂਸ ਦੀ ਸ਼ਕਲ ਵਿਚ ਬਾਹਰ ਲਿਜਾਇਆ ਗਿਆ।ਉਸ ਦੇ ਨਾਲ ਉਸ ਦੇ 26 ਸਾਥੀ ਵੀ ਸਨ।ਉਹਨਾਂ ਨੂੰ ਪੁਰਾਣੇ ਸ਼ਹਿਰ ਦੇ ਬਜ਼ਾਰ ਵਿਚ ਕੁਤਬ- ਮਿਨਾਰ ਦੇ ਨੇੜੇ ਖੁਆਜਾ ਕੁਤਬ-ਉਲ-ਦੀਨ ਬਖ਼ਤਿਆਰ ਕਾਕੀ ਦੇ ਮਕਬਰੇ ਦੇ ਲਾਗੇ ਲੈ ਗਏ।ਇੱਥੇ ਬਹਾਦਰ ਸ਼ਾਹ ਦੇ ਮਕਬਰੇ ਦੁਵਾਲੇ ਪ੍ਰਕਰਮਾਂ ਕਰਵਾਈਆਂ ਗਈਆਂ ਇਸ ਪਿਛੋਂ ਉਸ ਨੂੰ ਇਸਲਾਮ ਅਤੇ ਮੌਤ ਵਿਚਕਾਰ ਚੋਣ ਕਰਨ ਦੀ ਅੰਤਿਮ ਪੇਸ਼ਕਸ਼ ਕੀਤੀ ਗਈ।ਪਰ ਗੁਰੂ ਗੋਬਿੰਦ ਸਿੰਘ ਜੀ ਦੇ ਚੇਲੇ ਬੰਦਾ ਸਿੰਘ ਨੇ ਮੌਤ ਕਬੂਲ ਕੀਤੀ।

ਬਾਬਾ ਬੰਦਾ ਸਿੰਘ ਜੀ ਦੇ ਤਿੰਨ ਸਾਲ ਦੇ ਬੱਚੇ ਅਜੈ ਸਿੰਘ ਨੂੰ ਜਲਾਦ ਨੇ ਬਾਬਾ ਜੀ ਦੇ ਸਾਹਮਣੇ ਟੁਕੜੇ ਟੁਕੜੇ ਕਰ ਕੇ ਤੜਪਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਦੇ ਦਿੱਤਾ ਪਰ ਬਾਬਾ ਜੀ ਦਾ ਸਿਦਕ ਵੇਖ ਕੇ ਸਾਰੇ ਹੈਰਾਨ ਰਹਿ ਗਏ।

ਬਾਬਾ ਬੰਦਾ ਸਿੰਘ ਬਹਾਦਰ ਦੀਆਂ ਸਹੀਦੀ ਦੀਆਂ ਘਟਨਾਵਾਂ ਬਹੁਤ ਜਿਆਦਾ ਭਿਆਨਕ ਸਨ।ਸਭ ਤੋਂ ਪਹਿਲਾਂ ਉਹਨਾਂ ਦੀ ਸੱਜੀ ਅੱਖ ਤੇ ਖੱਬੀ ਅੱਖ ਕੱਢੀ ਗਈ।ਇਸ ਤੋਂ ਬਾਅਦ ਉਸ ਦੇ ਹੱਥ ਅਤੇ ਪੈਰ ਕੱਟੇ ਗਏ।

ਫਿਰ ਉਸ ਦਾ ਮਾਸ ਤਪਦੇ ਜਮੂਰਾਂ ਨਾਲ ਨੋਚਿਆ ਗਿਆ ਅਖ਼ੀਰ ਵਿਚ ਉਸ ਦਾ ਸਿਰ ਕੱਟ ਦਿੱਤਾ ਗਿਆ।ਬੰਦਾ ਸਿੰਘ ਅੰਤਿਮ ਦਮ ਤੱਕ ਸਾਂਤ ਅਤੇ ਸਥਿਰ ਰਿਹਾ।

ਬਾਬਾ ਜੀ ਦੇ ਬਾਕੀ ਸਾਥੀਆਂ ਨੂੰ ਵੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਤਸੀਹੇ ਭਰੀ ਕੁਰਬਾਨੀ ਵੇਖ ਕੇ ਹਰ ਇਕ ਇੰਨਸਾਨ ਦੀ ਰੂਹ ਕੰਬ ਜਾਂਦੀ ਹੈ।ਧੰਨ ਸੀ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਨਾਲ ਸ਼ਹੀਦੀ ਪਾਉਣ ਵਾਲੇ ਸਿੱਖ !

# ਨਾ ਮੌਤ ਨੇ ਉਮਰਾਂ ਜਾਣੀਆਂ ਨੇ

ਜ਼ਿੰਦਗੀ, ਪਿਆਰ ਅਤੇ ਮੌਤ ਬਾਰੇ ਪੁੱਛਿਆ ਜਾਵੇ ਕਿ ਇਹ ਕੀ ਹਨ ? ਤਾਂ ਹਰ ਜੁਆਬ ਵੱਖਰਾ ਹੋਵੇਗਾ ਅਤੇ ਹਰ ਖਿੱਤੇ ਦੇ ਲੋਕ ਆਪੋ-ਆਪਣੇ ਨਜ਼ਰੀਏ ਨਾਲ ਇਸ ਦਾ ਜੁਵਾਬ ਦੇਣਗੇ, ਪਰ ਜੋ ਵੀ ਜੁਆਬ ਆਵੇ ਉਸ ਉੱਤੇ ਸਮੁੱਚੇ ਤੌਰ ’ਤੇ ਇੱਕ ਮੱਤ ਪ੍ਰਵਾਨਗੀ ਨਹੀਂ ਹੋ ਸਕਦੀ।

ਜ਼ਿੰਦਗੀ ਕੋਈ ਵਿਅਕਤੀ ਕਿੰਨਾਂ ਹਾਲਾਤਾਂ ਵਿੱਚ ਜਿਉਂਦਾ ਹੈ, ਕਿਸ ਨੂੰ ਜੀਵਨ ਵਿੱਚ ਸੱਚਾ ਪਿਆਰ ਨਸੀਬ ਹੁੰਦਾ ਹੈ ਅਤੇ ਮੌਤ ਕਦੋਂ ਆਉਣੀ ਹੈ ਜਾਂ ਮੌਤ ਤੋਂ ਬਾਅਦ ਕੀ ਹੈ ਆਦਿ ਸਵਾਲਾਂ ਦੇ ਹੱਲ ਲਈ ਸਦੀਆਂ ਤੋਂ ਧਾਰਮਿਕ ਆਗੂ, ਸੰਸਾਰਕ ਆਗੂ ਅਤੇ ਵਿਗਿਆਨੀ ਜਤਨਸ਼ੀਲ ਹਨ, ਪਰ ਸਪੱਸ਼ਟ ਉੱਤਰ ਨਹੀਂ ਦੇ ਸਕੇ।

ਕੇਵਲ ਇੱਕ ਗੱਲ ਉੱਤੇ ਇੱਕਮਤ ਹੋਇਆ ਜਾ ਸਕਦਾ ਹੈ ਅਤੇ ਉਹ ਹੈ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਦੀ ਇੱਕ ਸਾਖੀ ਵਿੱਚੋਂ ਮਿਲਦਾ ਦ੍ਰਿਸ਼ਟਾਂਤ ਕਿ, ‘ਮਰਨਾ ਸੱਚ ਜਿਊਣਾ ਝੂਠ’।ਪਾਠਕ ਸੋਚ ਰਹੇ ਹੋਣਗੇ ਕਿ ਮੈਂ ਇਹ ਕਿਹੜਾ ਵਿਸ਼ਾ ਛੋਹ ਬੈਠੀ ਹਾਂ।

ਹੋਇਆ ਦਰਅਸਲ ਇੰਝ ਕਿ ਮੇਰੇ ਘਰ ਵਿੱਚ ਹੀ ਪਿਛਲੇ ਕਈ ਸਾਲਾਂ ਤਾਂ ਕੰਮ ਕਰਨ ਆ ਰਹੀ ਸੁਨੀਤਾ ਦੀ 19 ਸਾਲਾ ਜਵਾਨ ਬੇਟੀ ਕਦੇ-ਕਦੇ ਆਪਣੀ ਮਾਂ ਨਾਲ ਸਾਡੇ ਘਰ ਆ ਜਾਇਆ ਕਰਦੀ ਸੀ।

ਉਸ ਦਿਨ ਜਦ ਸੁਨੀਤਾ ਘਰ ਦਾ ਕੰਮ ਕਰ ਰਹੀ ਸੀ ਤਾਂ ਉਸਦੀ ਬੇਟੀ ਦਾ ਫ਼ੋਨ ਆਇਆ ਕਿ, ‘ਮੰਮੀ ਮੇਰੀ ਤਬੀਅਤ ਠੀਕ ਨਹੀਂ ਹੈ ਅਤੇ ਮੈਂ ਘਰ ਆ ਗਈ ਹਾਂ।’ ਸੁਨੀਤਾ ਨੇ ਕਿਹਾ, ‘ਤੂੰ ਕਹੇਂ ਤਾਂ ਮੈਂ ਹੁਣੇ ਘਰ ਆ ਜਾਵਾਂ, ਕਿਸੇ ਡਾਕਟਰ ਨੂੰ ਵਿਖਾ ਆਈਏੲ ?’ ਤਾਂ ਬੇਟੀ ਦਾ ਅੱਗੋਂ ਜੁਆਬ ਆਇਆ, ‘ਨਹੀਂ, ਸਿਰ ਦਰਦ ਹੈ, ਮੈਂ ਦਵਾਈ ਖਾ ਲਈ ਏ।’

ਗੱਲ ਆਈ ਗਈ ਹੋ ਗਈ ਅਤੇ ਸੁਨੀਤਾ ਕੰਮ ਵਿੱਚ ਮਸਤ ਹੋ ਗਈ ਕਿ ਅਚਾਨਕ ਇੱਕ ਘਮਟੇ ਬਾਅਦ ਹੀ ਸੁਨੀਤਾ ਘਰੋਂ ਫ਼ੋਨ ਆਇਆ, ਕਿ ‘ਉਸਦੀ ਬੇਟੀ ਬੇਹੋਸ਼ ਹੋ ਕੇ ਡਿੱਗ ਪਈ ਏ।’

ਮੈਂ ਉਸਨੂੰ ਉਸੇ ਵੇਲੇ ਕੰਮ ਛੱਡ ਕੇ ਘਰ ਜਾਣ ਲਈ ਕਿਹਾ ਨਾਲ ਹੀ ਮੈਂ ਆਪਣੇ ਬੇਟੇ ਨੂੰ ਕਿਹਾ ਕਿ ਫ਼ਟਾਫ਼ਟ ਗੱਡੀ ਕੱਢ ਮਗਰ ਜਾ ਕੇ ਦੇਖੀਏ, ਸੁੱਖ ਦੁੱਖ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੈ ਪਰ ਘਰ ਪਹੁੰਚੇ ਤਾਂ ਘਰ ਵਿੱਚ ਵਿਰਲਾਪ ਮੱਚਿਆ ਪਿਆ ਸੀ, ਤੁਰੰਤ ਮੇਰਾ ਬੇਟਾ ਉਸਨੂੰ ਗੱਡੀ ਵਿੱਚ ਪਾ ਕੇ ਨੇੜੇ ਦੇ ਇੱਕ ਨਿੱਜੀ ਹਸਪਤਾਲ ਵਿੱਚ ਲੈ ਕੇ ਗਿਆ, ਪਰ ਡਾਕਟਰਾਂ ਨੇ ਕਿਹਾ ਕਿ, ‘ਇਹ ਤਾਂ ਮੁੱਕ ਚੁੱਕੀ ਏ।’ ਮੇਰੇ ਪੈਰਾਂ ਥਲਿਓਂ ਜ਼ਮੀਨ ਨਿਕਲ ਗਈ।



ਹੱਸਦਿਆਂ-ਵੱਸਦਿਆਂ ਪਰਵਰਾਂ ਵਿੱਚ ਮੌਤ ਦਾ ਫੇਰਾ ਕਿੰਨਾ ਡਰਾਉਣਾ ਹੁੰਦਾ ਹੈ।ਅਚਿੰਤੇ ਬਾਜ ਪਏ ਵਾਲੀ ਹਾਲਾਤ। ਮੇਰੇ ਜ਼ਿਹਨ ਵਿੱਚ ਕਈ ਸਵਾਲ ਪੈਦਾ ਹੋਏ ਕਿ, ‘ਅਚਾਨਕ ਕੀ ਹੋ ਗਿਆ ਉਸਨੂੰ ? ਕਿਉਂ ਤੁਰ ਗਈ ਉਹ ਇਸ ਜਹਾਨ ਤੋਂ ? ਉਮਰ ਹੀ ਕੀ ਸੀ ਉਸਦੀ ? ਹਾਲੇ ਤਾਂ ਜ਼ਿੰਦਗੀ ਦੇ ਬਹੁਤ ਸਾਰੇ ਰੰਗ ਦੇਖਣੇ ਸੀ ਉਸਨੇੲ ਆਪਣੇ ਸਿਰਜੇ ਹੋਏ ਸੁਪਨੇ ਪੂਰੇ ਕਰਨੇ ਸੀ, ਉਹਨਾਂ ਨੂੰ ਹਕੀਕਤ ਵਿੱਚ ਬਦਲਣਾ ਸੀ ਪਰ ਅਚਨਚੇਤ ਇਹ ਕੀ ਬਣ ਗਿਆ ? ਆਪਣੀ ਆਉਣ ਵਾਲੀ ਜ਼ਿੰਦਗੀ ਬਾਰੇ ਕਿੰਨਾ ਕੁਝ ਸੋਚਿਆ ਹੋਊ ਉਸਨੇ ਅਤੇ ਆਪਣੇ ਆਖ਼ਰੀ ਸਮੇਂ ਉਸ ’ਤੇ ਕੀ ਬੀਤੀ ਹੋਵੇਗੀ ?’

ਅਸਮਾਨ ਵੱਲ ਵੇਖਦੀ ਹਾਂ ਜਿਵੇਂ ਆਪਣੇ ਸਵਾਲਾਂ ਦੇ ਜੁਆਬ ਲੱਭ ਰਹੀ ਹੋਵਾਂ। ਉਸਦੀ ਮਾਂ ਦੇ ਹੰਝੂ ਅਤੇ ਹਉਕੇ ਦਿਲ ਚੀਰ ਕੇ ਰੱਖ ਦਿੰਦੇ ਹਨ। ਭਾਵੇਂ ਕਿ ਮੌਤ ਇੱਕ ਅਟੱਲ ਸੱਚਾਈ ਹੈ, ਇਹ ਜਾਣਦਿਆਂ ਹੋਇਆ ਵੀ ਇਸਦਾ ਸਾਹਮਣਾ ਨਹੀਂ ਕਰਨਾ ਚਾਹੁੰਦੇ।

ਅਲੜ੍ਹ ਉਮਰੇ ਸੁਪਨਿਆਂ ਦਾ ਇੱਕ ਵੱਖਰਾ ਹੀ ਸੰਸਾਰ ਹੁੰਦਾ ਹੈ ਅਤੇ ਇਹਨਾਂ ਸੁਪਨਿਆ ਨੂੰ ਜਿਊਣ ਦੀ ਖੁਵਾਹਿਸ਼ ਵੀ। ਧੀਆਂ ਤਾਂ ਕਰਮਾਂ ਵਾਲੀਆਂ ਹੁੰਦੀਆਂ ਨੇ, ਜਦ ਆਪਣੇ ਨਿੱਕੇ-ਨਿੱਕੇ ਹਾਸੇ ਹੱਸਦੀਆਂ ਹਨ ਤਾਂ ਚੁਫ਼ੇਰਾ ਮਹਿਕਣ ਲਾਂ ਦਿੰਦੀਆਂ ਹਨ। ਉਹ ਵੀ ਤਾਂ ਆਪਣੇ ਮਾਪਿਆਂ ਦੇ ਘਰ ਖ਼ੁਸ਼ੀਆਂ ਲੈ ਕੇ ਆਈ ਸੀ। ਮਾਪਿਆਂ ਨੇ ਨਾਮ ਰੱਖਿਆ ਸੀ ‘ਪੁਸ਼ਪਾ’, ਆਪਣੇ ਨਾਮ ਵਾਂਗ ਹੀ ਫ਼ੁੱਲਾਂ ਦੀ ਤਰ੍ਹਾਂ ਮਹਿਕਾਂ ਵੰਡਦੀ ਸੀ, ਹਮੇਸ਼ਾਂ ਖ਼ੁਸ਼ ਰਹਿੰਦੀ ਅਤੇ ਆਪਣੇ ਕੰਮ ਨਾਲ ਦੂਜਿਆਂ ਨੂੰ ਖ਼ੁਸ਼ ਰੱਖਦੀ। ਬਹੁਤ ਮਿਲਨਸਾਰ ਅਤੇ ਨਰਮਦਿਲ ਦੀ ਸੀ। ਆਪਣੇ ਨਿੱਕੇ-ਨਿੱਕੇ ਪੈਰਾਂ ਨਾਲ ਤੁਰਦਿਆਂ ਹਾਲੇ ਉਸਨੇ ਜਵਾਨੀ ਦੀ ਦਹਿਲੀਜ਼ ’ਤੇ ਕਦਮ ਰੱਖਿਆ ਹੀ ਸੀ, ਪਰ ਇਹ ਭਾਣਾ ਵਾਪਰ ਗਿਆ। ਰੱਬ ਦੇ ਰੰਗਾਂ ਨੂੰ ਕੌਣ ਜਾਣ ਸਕਿਆ ਹੈ ? ਸਮਾਂ ਨੇ ਆਪਣੀ ਬੁੱਕਲ ਵਿੱਚ ਕੀ ਰੱਖਿਆ ਏ, ਇਸਦਾ ਭੇਦ ਨਹੀਂ ਪਾਇਆ ਜਾ ਸਕਦਾ।

ਬੜਾ ਸੱਚ ਲਿਖਿਆ ਹੈ ਕਿ ਕਵੀ ਨੇ ਕਿ

ਨਾ ਸਮਾਂ ਕਿਸੇ ਦੀ ਉਡੀਕ ਕਰਦਾ, ਨਾ ਮੌਤ ਨੇ ਉਮਰਾਂ ਜਾਣੀਆਂ ਨੇ।

ਜੁੜੀਆਂ ਮਹਿਫਲਾਂ ਚੋਂ ਉੱਠ ਕੇ ਤੁਰ ਜਾਣਾ, ਫਿਰ ਕਦੇ ਨੀ ਲੱਭਣਾ ਹਾਣੀਆਂ ਨੇ।

**ਹਰਦੀਪ ਕੌਰ ਨਾਜ਼,**
**ਫਗਵਾੜਾ, ਪੰਜਾਬ।**

# ਦੀਵਾਨ ਮੂਲਰਾਜ ਚੋਪੜਾ: ਭਾਰਤ ਦੀ ਆਜਾਦੀ ਦੀ ਪਹਿਲੀ ਜੰਗ ਦਾ ਅਣਸੰਗ ਹੀਰੋ



ਅਸਲ ਵਿੱਚ ਬ੍ਰਿਟਿਸ ਈਸਟ ਇੰਡੀਆ ਕੰਪਨੀ ਦੀ ਹਕੂਮਤ ਤੋਂ ਆਜਾਦੀ ਲਈ ਪਹਿਲੀ ਜੰਗ ਸੰਨ 1848 ਵਿੱਚ ਦੀਵਾਨ ਮੂਲਰਾਜ ਦੀ ਅਗਵਾਈ ਵਿੱਚ ਪੰਜਾਬ ਦੇ ਮੁਲਤਾਨ ਤੋਂ ਲੜੀ ਗਈ ਸੀ। 1857 ਦੀ ਬਗਾਵਤ ਨੂੰ ਕੁਝ ਲੋਕ ਭਾਰਤ ਦੀ ਆਜਾਦੀ ਦੀ ਪਹਿਲੀ ਜੰਗ ਮੰਨਦੇ ਹੋਣ, ਪਰ ਇਸ ਬਵਗਾਵਤ ਵਿਚ ਸ਼ਾਮਿਲ ਧਿਰਾਂ ਦਾ ਆਪੋ ਆਪਣੇ ਰਾਜ ਭਾਗ ਨੂੰ ਬਚਾਉਣ ਲਈ ਲੜੀਆਂ ਗਈਆਂ ਜੰਗਾਂ ਕਾਰਨ ਪੂਰਨ ਅਜਾਦੀ ਦੇ ਮਿਆਰ ਜਾਂ ਸੰਕਲਪ ’ਤੇ ਖਰਾ ਨਹੀਂ ਉਤਰਦਾ। ਦੂਜੇ ਪਾਸੇ ਪੰਜਾਬ ਦੇ ਸਪੂਤ ਮੂਲਰਾਜ ਮੁਲਤਾਨ ਦੀ ਗਵਰਨਰੀ ਤੋਂ ਅਸਤੀਫਾ ਦੇ ਚੁਕਿਆ ਸੀ। ਨਿਰਸੰਕੋਚ ਉਸ ਦੀ ਲੜਾਈ ਕੇਵਲ ਦੇਸ਼ ਕੌਮ ਲਈ ਸੀ। ਇਸ ਬਾਰੇ ਵਿਸਥਾਰ ਖੋਜ ਲਈ ਪੰਜਾਬ ਸਰਕਾਰ ਨੂੰ ਯੂਨੀਵਰਸਿਟੀਆਂ ਵਿਚ ਮੂਲਰਾਜ ਚੇਅਰਾਂ ਸਥਾਪਿਤ ਕਰਦਿਆਂ ਉਸ ਦੀ ਕੁਰਬਾਨੀ ਤੇ ਯੋਗਦਾਨ ਨੂੰ ਵਿਸ਼ਵ ਸਾਹਮਣੇ ਲਿਆਉਣ ਦੀ ਲੋੜ ਹੈ, ਤਾਂ ਕਿ ਉਸ ਨੂੰ ਬਣਦਾ ਮਾਣ ਸਤਿਕਾਰ ਦਿਤਾ ਜਾ ਸਕੇ।

ਸੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵਲੋਂ, ਜੋ ਨਾ ਸਿਰਫ ਪੰਜਾਬ ਵਿੱਚ ਸਗੋਂ ਪੂਰੇ ਭਾਰਤ ਵਿੱਚ ਸਭ ਤੋਂ ਕਾਬਲ ਅਤੇ ਫੌਜੀ ਕਮਾਂਡਰਾਂ ਵਿੱਚੋਂ ਇੱਕ ਮੰਨੇ ਜਾਂਦੇ ਸਨ, ਅਤੇ ਜਿਨ੍ਹਾਂ ਨੂੰ ਬੰਦਿਆਂ ਦੀ ਪਛਾਣ ਕਰਨ ਵਿੱਚ ਮੁਹਾਰਤ ਹਾਸਲ ਸੀ, ਪਹਿਲਾਂ ਦੀਵਾਨ ਸਾਵਣ ਮੱਲ ਚੋਪੜਾ ਅਤੇ ਉਨ੍ਹਾਂ ਦੇ ਪੁੱਤਰ ਮੂਲਰਾਜ ਚੋਪੜਾ ਦੀ ਯੋਗਤਾ ਨੂੰ ਪਛਾਨਿਆ। ਸਾਵਨ ਮਲ ਨੂੰ ਸਲਤਨਤ ਦੇ ਇੱਕ ਮਹੱਤਵਪੂਰਨ ਸਹਿਰ ਮੁਲਤਾਨ ਦੇ ਗਵਰਨਰ ਵਲੋਂ ਨਿਯੁਕਤ ਕੀਤਾ।

ਮੁਲਤਾਨ ਸਦੀਆਂ ਤੋਂ ਵਪਾਰ ਦਾ ਕੇਂਦਰ ਸੀ ਅਤੇ ਆਪਣੀ ਦੌਲਤ ਲਈ ਮਸਹੂਰ ਸੀ। ਮਸਾਲਿਆਂ, ਰੇਸਮਾਂ ਅਤੇ ਕੀਮਤੀ ਵਸਤਾਂ ਦੇ ਵੱਡੇ ਭੰਡਾਰ ਸਨ। ਮਸਜਿਦਾਂ ਅਤੇ ਮਕਬਰਿਆਂ ਦੇ ਸੋਹਣੇ ਸਹਿਰ ’ਚ ਇਸਲਾਮੀ ਜਹਾਦੀਆਂ ਵੱਲੋਂ ਤਬਾਹ ਕੀਤੇ ਗਏ ਸੂਰਜ ਮੰਦਰ ਦੀ ਸਾਨ ਨੂੰ ਦੇਖਣ ਲਈ ਲੋਕ ਦੂਰ-ਦੂਰ ਤੋਂ ਆਉਂਦੇ ਸਨ।

ਮਹਾਰਾਜਾ ਇਸ ਸਹਿਰ ਉੱਤੇ ਚਾਰ ਵਾਰ ਹਮਲਾ ਕਰਨ ਵਿੱਚ ਅਸਫਲ ਰਿਹਾ। ਪੰਜਵੀਂ ਵਾਰ ਕੀਤੇ ਗਏ ਹਮਲੇ ਦੌਰਾਨ 1819ਵਿੱਚ ਇੱਥੋਂ ਦੇ ਸਾਸਕ ਮੁਜ਼ੱਫਰ ਖਾਨ ਨੂੰ ਹਰਾਇਆ। ਅਫਗਾਨਾਂ ਤੋਂ ਮੁਲਤਾਨ ਦੀ ਜਿੱਤ ਤੋਂ ਬਾਅਦ ਹੀ ਸੇਰੇ ਪੰਜਾਬ ਨੂੰ ਕਸਮੀਰ ਅਤੇ ਸਿੰਧ ਦੇ ਪਾਰ ਇਲਾਕੇ ਜਿੱਤਣ ਦਾ ਮੌਕਾ ਮਿਲਿਆ।

1823 ਵਿਚ ਮੁਲਤਾਨ ਦੇ ਗਵਰਨਰ ਨਿਯੁਕਤ ਕੀਤੇ ਗਏ ਗੁੱਜਰਾਂਵਾਲੇ ਦੇ ਇੱਕ ਹਿੰਦੂ ਪੰਜਾਬੀ ਖੱਤਰੀ ਸਾਵਣ ਮੱਲ ਚੋਪੜਾ ਨੇ ਸਰਦਾਰ ਹਰੀ ਸਿੰਘ ਨਲਵਾ ਨਾਲ ਮੁਲਤਾਨ ਮੁਹਿੰਮ ਵਿੱਚ ਹਿੱਸਾ ਲਿਆ ਸੀ। ਹੋਸਨਾਕ ਰਾਏ ਚੋਪੜਾ ਦਾ ਤੀਜਾ ਹੋਣਹਾਰ ਪੁੱਤਰ ਸਾਵਣ ਮਲ ਦਾ ਜਨਮ 1788 ਵਿੱਚ ਹੋਇਆ । ਉਹ ਲੇਖਾਕਾਰੀ ਦਫਤਰ ਦੇ ਮੁਖੀ ਵਜੋਂ ਕੰਮ ਕਰਦਾ ਹੋਇਆ ਆਪਣੀ ਪ੍ਰਤਿਭਾ ਦੇ ਕਾਰਨ ਤੇਜੀ ਨਾਲ ਤਰੱਕੀ ਕਰ ਕੇ ਮੁਲਤਾਨ ਦੇ ਗਵਰਨਰ ਦੇ ਅਹੁਦੇ ਤੱਕ ਪਹੁੰਚਿਆ। ਬੁੱਧੀਮਾਨ ਦੀਵਾਨ ਸਾਵਣ ਮੱਲ ਸਾਰੇ ਗਵਰਨਰਾਂ ਵਿੱਚੋਂ ਉੱਤਮ ਅਤੇ ਪਰਉਪਕਾਰੀ ਸਾਸਕ ਸਾਬਤ ਹੋਇਆ। ਉਸ ਨੇ ਮੁਲਤਾਨ ਤੋਂ ਡੇਰਾਗਾਜੀ ਖਾਨ, ਝੰਗ ਅਤੇ ਆਸ-ਪਾਸ ਦੇ ਇਲਾਕਿਆਂ ਤੱਕ ਖਾਲਸਾ ਰਾਜ ਦਾ ਵਿਸਥਾਰ ਕੀਤਾ। ਵਿਗੜੇ ਤਿੱਗੜੇ ਪਖਤੂਨਾਂ ਨੂੰ ਸਿੱਧਾ ਕਰਕੇ ਕਾਨੂੰਨ ਲਾਗੂ ਕੀਤਾ। ਪਰ ਕਿਸੇ ਵੀ ਤਰ੍ਹਾਂ ਆਪਣੀ ਤਾਕਤ ਦੀ ਦੁਰਵਰਤੋਂ ਨਹੀਂ ਕੀਤੀ। ਕਿਸੇ ਨਾਲ ਜਯ਼ਿਆਦਤੀ ਨਹੀਂ ਅਤੇ ਨਾ ਹੀ ਕਿਸੇ ਦਾ ਨਰਮੀ ਕੀਤੀ। ਸੂਬੇ ’ਚ ਸਾਂਤੀ ਵਰਤਾਈ ਅਤੇ ਮਾਮਲਾ ਇਕੱਠਾ ਕਰਨ ਵਿੱਚ ਪਾਈ ਪਾਈ ਦਾ ਹਿਸਾਬ ਵੀ ਲਿਆ। ਉਸ ਦੀ ਨਿਰਪੱਖਤਾ ਸਦਕਾ ਲੋਕ ਉਸ ਨੂੰ ਪਿਆਰ ਅਤੇ ਸਤਿਕਾਰ ਕਰਦੇ ਸਨ। ਉਸ ਸਮੇਂ ਮੁਲਤਾਨ ਜਯ਼ਿਆਦਾਤਰ ਮਾਰੂਥਲ ਸੀ ਅਤੇ ਦਹਾਕਿਆਂ ਦੀ ਲੜਾਈ ਨਾਲ ਤਬਾਹ ਹੋ ਚੁਕਾ ਸੀ। ਸਾਵਣ ਮੱਲ ਨੇ ਵੱਡੀਆਂ ਤਬਦੀਲੀਆਂ ਅਤੇ ਖੇਤੀ ਸੁਧਾਰ ਲਿਆਂਦਾ, ਗੁਆਂਢੀ ਜਯ਼ਿਲ੍ਹਿਆਂ ਦੇ ਬਹੁਤ ਸਾਰੇ ਲੋਕਾਂ ਨੂੰ ਜਮੀਨ ਅਤੇ ਸੁਰੱਖਿਆ ਦੀ ਪੇਸਕਸ ਕਰਕੇ ਮੁਲਤਾਨ ਵਿੱਚ ਵੱਸਣ ਲਈ ਉਤਸਾਹਿਤ ਕੀਤਾ। ਉਸ ਨੇ ਖੂਹ ਅਤੇ ਨਹਿਰਾਂ ਪੁਟਵਾਈਆਂ। ਵਪਾਰ ਨੂੰ ਵੀ ਉਤਸਾਹਿਤ ਕੀਤਾ। ਉਹ ਸਿੱਖਾਂ ਅਤੇ ਬਲੋਚ ਮਜਾਰੀਆਂ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੀ ਜੰਗ ਨੂੰ ਖਤਮ ਕਰਨ ਲਈ ਸਰਦਾਰ ਬਹਿਰਾਮ ਖਾਨ ਦੇ ਭਰਾ ਕਰਮ ਖਾਨ ਨਾਲ ਇਕ ਸਮਝੌਤੇ ‘ਤੇ ਮਹਾਰਾਜੇ ਦੀ ਤਰਫੋਂ ਹਸਤਾਖਰ ਕਰਨ ਲਈ ’ਛੋਟੀ ਮੋਹਰ’ ਵਜੋਂ ਵੀ ਜਾਣਿਆ ਗਿਆ। ਇਸੇ ਦੌਰਾਨ 6 ਸਤੰਬਰ 1844 ਨੂੰ ਸਾਵਣ ਮਾਲ ਨੂੰ ਇੱਕ ਦੋਸੀ ਸਿਪਾਹੀ ਨੂੰ ਗੋਲੀ ਮਾਰਨ ਦਾ ਮੌਕਾ ਮਿਲਿਆ। ਉਹ ਜਖਮਾਂ ਤੋਂ ਉੱਭਰ ਨਾ ਸਕਿਆ ਅਤੇ 29 ਸਤੰਬਰ ਨੂੰ ਉਹ ਸੰਸਾਰ ਨੂੰ ਅਲਵਿਦਾ ਕਹਿ ਗਿਆ। ਸਾਵਣ ਮੱਲ ਦੀ ਸਮਾਧੀ ਉਨ੍ਹਾਂ ਦੇ ਪੁੱਤਰ ਮੂਲਰਾਜ ਨੇ ਮੁਲਤਾਨ ਦੇ ਬਾਬਾ ਸਫਰਾ ਇਲਾਕੇ ਵਿੱਚ ਬਣਵਾਈ । ਇਸ ਦੌਰਾਨ ਸਾਵਣ ਮੱਲ ਦੇ ਪੁੱਤਰ ਦੀਵਾਨ ਮੂਲਰਾਜ ਨੂੰ ਅਗਲਾ ਗਵਰਨਰ ਚੁਣਿਆ ਗਿਆ। 1814 ਵਿੱਚ ਜਨਮੇ ਮੂਲਰਾਜ ਆਪਣੇ ਪਿਤਾ ਵਾਂਗ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਪ੍ਰਤੀ ਵਫਾਦਾਰ ਰਹੇ। ਉਸ ਨੇ ਆਪਣੇ ਜੱਦੀ ਪਿੰਡ ਦਾ ਨਾਂ ਅਕਾਲਗੜ੍ਹ ਰੱਖਿਆ, ਜੋ ਪਾਕਿਸਤਾਨ ਬਣਨ ਤੋਂ ਬਾਅਦ ਇਸ ਸਹਿਰ ਦਾ ਨਾਂ ਬਦਲ ਕੇ ਅਲੀਪੁਰ ਚੱਠਾ ਕਰ ਦਿੱਤਾ ਗਿਆ।



ਪ੍ਰੋ: ਸਰਚਾਂਦ ਸਿੰਘ ਖਿਆਲਾ
9781355522

1839 ਵਿੱਚ ਮਹਾਰਾਜੇ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਦੇ ਢਹਿ-ਢੇਰੀ ਹੋਣ ਅਤੇ ਅੰਗਰੇਜਾਂ ਦੀ ਖੂਬ ਖੇਡੀ ਗਈ ਖੇਡ ਦੀ ਦੁਖਦ ਕਹਾਣੀ ਕਿਸੇ ਤੋਂ ਛੁਪੀ ਨਹੀਂ ਹੈ। ਮਹਾਰਾਜੇ ਦੀ ਮੌਤ ਤੋਂ 6 ਸਾਲ ਬਾਅਦ 1845 ਤੱਕ, ਖਾਲਸਾ ਫੌਜ, ਜਿਸ ਨੇ ਸਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ ਸਨ, ਅਯੋਗ ਸਾਸਕਾਂ ਦੇ ਅਧੀਨ ਪਤਨ ਵੱਲ ਚਲੀ ਗਈ। ਦਰਬਾਰੀਆਂ ਅਤੇ ਜਰਨੈਲਾਂ ਨੇ ਧੋਖੇ ਦੀ ਕਹਾਣੀ ਲਿਖੀ।

ਲਾਲ ਸਿੰਘ, ਤੇਜ ਸਿੰਘ ਅਤੇ ਰਣਜੋਧ ਸਿੰਘ ਮਜੀਠੀਆ ਦੇ ਕਾਰਨਾਮੇ ਪਹਿਲੀ ਐਂਗਲੋ-ਸਿੱਖ ਜੰਗਾਂ ਵਿੱਚ ਖਾਲਸਾ ਰਾਜ ਦੀ ਹਾਰ ਦਾ ਕਾਰਨ ਬਣੇ ਅਤੇ ਅੰਗਰੇਜਾਂ ਦੇ ਪੰਜਾਬ ਦੇ ਕਬਜੇ ਲਈ ਰਾਹ ਪੱਧਰਾ ਕੀਤਾ। ਅੰਗਰੇਜਾਂ ਨੇ ਪੰਜਾਬ ‘ਤੇ ਸਿੱਧੇ ਤੌਰ ‘ਤੇ ਕਬਜਾ ਕਰਨ ਦੀ ਬਜਾਏ ਮਹਾਰਾਜਾ ਦਲੀਪ ਸਿੰਘ ਲਈ ਇਕ ਕੌਂਸਲ ਆਫ ਰੀਜੈਂਸੀ ਬਣਾ ਦਿੱਤੀ। ਇਸ ਮੌਕੇ ਕਰਨਲ ਹੈਨਰੀ ਲਾਰੰਸ ਲਾਹੌਰ ਦਾ ਪਹਿਲਾ ਬ੍ਰਿਟਿਸ ਰੈਜੀਡੈਂਟ ਬਣਿਆ। ਹਾਰੀ ਹੋਈ ਖਾਲਸਾ ਫੌਜ ਝੁਕ ਗਈ ਪਰ ਸਿਪਾਹੀਆਂ ਦੇ ਦਿਲਾਂ ਵਿੱਚ ਜਨੂੰਨ ਭੜਕਦਾ ਰਿਹਾ, ਜਿਨ੍ਹਾਂ ਨੂੰ 1848 ਵਿੱਚ ਮੁਲਤਾਨ ਦੀ ਬਗਾਵਤ ਨੇ ਮੌਕਾ ਦਿੱਤਾ। ਅੰਗਰੇਜਾਂ ਨੇ ਬਗਾਵਤ ਨੂੰ ਦਬਾਉਣ ਲਈ ਸਿੱਖ ਫੌਜ ਭੇਜੀ, ਪਰ ਜਿਸ ਫੌਜ ਨੇ ਮੂਲਰਾਜ ਨੂੰ ਕਾਬੂ ਕਰਨਾ ਸੀ ਉਹ ਮੂਲਰਾਜ ਨਾਲ ਰਲ ਗਈ। ਕੀ ਇਹ ਇੱਕ ਇਤਫਾਕ ਸੀ ਜਾਂ ਜਾਣਬੁੱਝ ਕੇ ਖੇਡੀ ਰਣਨੀਤੀ ਸੀ ? ਇਹ ਖੋਜ ਦਾ ਵਿਸਾ ਹੈ। ਪਰ ਇੱਥੇ ਇਹ ਦੱਸਣਾ ਜਰੂਰੀ ਹੈ ਕਿ ਲਾਹੌਰ ਦੀ ਸੰਧੀ ਦੀ ਧਾਰਾ 15 ਅਨੁਸਾਰ ਬ੍ਰਿਟਿਸ ਨੂੰ ਲਾਹੌਰ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਸੀ। ਜਿਸ ‘ਤੇ ਦਸੰਬਰ 1846 ਵਿਚ, ਭੈਰੋਵਾਲ ਦੀ ਨਵੀਂ ਸੰਧੀ ਰਾਹੀਂ, ਗਵਰਨਰ ਜਨਰਲ ਨੇ ਦਲੀਪ ਸਿੰਘ ਦੇ ਬਾਲਗ ਹੋਣ ਤੱਕ ਬ੍ਰਿਟਿਸ ਰੈਜੀਡੈਂਟ ਲਈ ਲਾਹੌਰ ਦਰਬਾਰ ਦੇ ਮਾਮਲਿਆਂ ਵਿਚ ਕੰਮ ਕਰਨ ਦਾ ਅਧਿਕਾਰ ਹਾਸਲ ਕਰ ਲਿਆ ਗਿਆ। ਹੁਣ ਲਾਹੌਰ ਅੰਗਰੇਜ ਰੈਜੀਡੈਂਟ ਦੀ ਦੇਖ-ਰੇਖ ਹੇਠ ਆ ਜਾਣ ਕਾਰਨ ਇਕਤਰਾਂ ਨਾਲ ਪੰਜਾਬ ’ਚ ਅੰਗਰੇਜਾਂ ਦਾ ਹੀ ਰਾਜ ਸੀ। ਨਵੀਆਂ ਤਬਦੀਲੀਆਂ ਰਾਹੀਂ ਗੁਲਾਬ ਸਿੰਘ, ਲਾਲ ਸਿੰਘ, ਤੇਜ ਸਿੰਘ ਅਤੇ ਰਣਜੋਧ ਸਿੰਘ ਮਜੀਠੀਆ, ਜਿਨ੍ਹਾਂ ਨੂੰ ਗੱਦਾਰ ਸਮਝਿਆ ਜਾਂਦਾ ਸੀ, ਨੂੰ ਵੀ ਕੌਂਸਲ ਆਫ ਰੀਜੈਂਸੀ ਵਿੱਚ ਸਾਮਲ ਕੀਤਾ ਗਿਆ ਸੀ। ਫੌਜ ਦੀ ਗਿਣਤੀ ਇਕ ਲੱਖ ਤੋਂ ਘਟਾ ਕੇ 35 ਹਜਾਰ ਕਰ ਦਿੱਤੀ ਗਈ। ਛੱਡੇ ਹੋਏ ਸਿੱਖਿਅਤ ਸਿਪਾਹੀ ਹੁਣ ਗੁੱਸੇ ਵਿਚ ਸਨ। ਕਿਉਕਿ ਜੰਗ ਵਿੱਚ ਫੌਜ ਨਹੀਂ ਹਾਰੀ, ਲੀਡਰਾਂ ਨੇ ਧੋਖਾ ਦਿੱਤਾ ਸੀ।

ਅਪ੍ਰੈਲ 1848 ਵਿਚ ਲਾਰਡ ਡਲਹੌਜੀ ਗਵਰਨਰ ਜਨਰਲ ਅਤੇ ਲਾਰੰਸ ਦੀ ਥਾਂ ਸਰ ਫਰੈਡਰਿਕ ਕਰੀ ਨੂੰ ਲਾਹੌਰ ਵਿਖੇ ਨਵਾਂ ਬ੍ਰਿਟਿਸ ਰੈਜੀਡੈਂਟ ਬਣਾਇਆ ਗਿਆ। ਕਰੀ ਵਲੋਂ ਵਧਾਏ ਗਏ ਟੈਕਸ ਨੇ ਮੁਲਤਾਨ ‘ਚ ਕਾਫੀ ਨਰਾਜਗੀ ਅਤੇ ਰੋਸ ਪੈਦਾ ਕੀਤਾ। ਇਸ ਦੇ ਨਾਲ ਹੀ ਕਰੀ ਮੁਲਤਾਨ ਵਿਚ ਲਾਹੌਰ ਦਰਬਾਰ ਦੁਆਰਾ ਨਿਯੁਕਤ ਸਿੱਖ ਰਾਜ ਦੇ ਪੱਕਾ ਵਫਾਦਾਰ ਗਵਰਨਰ ਦੀਵਾਨ ਮੂਲਰਾਜ ਨੂੰ ਵੀ ਹਟਾਉਣਾ ਚਾਹੁੰਦਾ ਸੀ। ਮੂਲਰਾਜ ਦੀ ਦੌਲਤ ਅਤੇ ਸਕਤੀ ਵੀ ਉਨ੍ਹਾਂ ਲਈ ਚਿੰਤਾ ਦਾ ਕਾਰਨ ਸਨ। ਲਾਹੌਰ ਨੂੰ ਦੱਖਣੀ ਪੰਜਾਬ ਵਿੱਚ ਮੂਲਰਾਜ ਦੁਆਰਾ ਸਾਸਿਤ ਪ੍ਰਦੇਸਾਂ ਵਿੱਚ ਇੱਕ ਖੁਦਮੁਖਤਿਆਰ ਰਾਜ ਦੇ ਉਭਾਰ ਦੀ ਸੰਭਾਵਨਾ ਦਾ ਡਰ ਸੀ। ਮੂਲਰਾਜ ‘ਤੇ ਦਬਾਅ ਬਣਾਉਣ ਲਈ ਦੋ ਸਿੱਖ ਬਟਾਲੀਅਨਾਂ ਨੂੰ ਤਨਖਾਹ ਸਕੇਲ ਦੇ ਮੁੱਦੇ ‘ਤੇ ਉਸ ਵਿਰੁੱਧ ਬਗਾਵਤ ਕਰਨ ਲਈ ਵੀ ਉਕਸਾਇਆ ਗਿਆ ਸੀ। ਲਾਹੌਰ ਨੇ ਮੂਲਰਾਜ ਤੋਂ ਖਾਤਾ ਅਤੇ ਨਜਰਾਨੇ ਦੀ ਮੰਗ ਕੀਤੀ। ਦੀਵਾਨ ਮੂਲਰਾਜ ਨੇ ਹਿਸਾਬ ਵੀ ਦਿੱਤਾ ਅਤੇ ਅਸਤੀਫਾ ਵੀ। ਅਸਤੀਫਾ ਪ੍ਰਵਾਨ ਕਰ ਲਿਆ ਗਿਆ ਅਤੇ ਉਨ੍ਹਾਂ ਨੂੰ ਅਗਲੇ ਹੁਕਮਾਂ ਤੱਕ ਡਿਊਟੀ ’ਤੇ ਬਣੇ ਰਹਿਣ ਲਈ ਕਿਹਾ ਗਿਆ। ਇਸ ਮੌਕੇ ਅੰਗਰੇਜਾਂ ਦੇ ਵਫਾਦਾਰ ਇੱਕ ਸਿੱਖ ਸਰਦਾਰ ਕਾਹਨ ਸਿੰਘ ਮਾਨ ਨੂੰ ਮੁਲਤਾਨ ਦਾ ਗਵਰਨਰ ਬਣਾਇਆ ਗਿਆ। 18 ਅਪ੍ਰੈਲ 1848 ਨੂੰ ਕਾਹਨ ਸਿੰਘ ਮਾਨ ਬੰਗਾਲ ਸਿਵਲ ਸਰਵਿਸ ਦੇ ਪੈਟਰਿਕ ਵੈਂਸ ਐਗਨੇਊ ਅਤੇ ਬੰਬੇ ਫਿਊਜਲੀਅਰ ਰੈਜੀਮੈਂਟ ਦੇ ਲੈਫਟੀਨੈਂਟ ਵਿਲੀਅਮ ਐਂਡਰਸਨ ਦੇ ਨਾਲ ਚਾਰਜ ਲੈਣ ਲਈ ਮੁਲਤਾਨ ਦੇ ਗੇਟਾਂ ‘ਤੇ ਪਹੁੰਚਿਆ। ਸੁਰੱਖਿਆ ਲਈ ਉਨ੍ਹਾਂ ਦੇ ਨਾਲ ਫੌਜੀ ਟੁਕੜੀ ਵੀ ਮੌਜੂਦ ਸੀ। ਅਗਲੇ ਦਿਨ, ਮੂਲਰਾਜ ਨੇ ਸਹਿਰ ਦੀਆਂ ਚਾਬੀਆਂ ਨਵੇਂ ਗਵਰਨਰ ਨੂੰ ਸੌਂਪ ਦਿੱਤੀਆਂ। ਜਿਵੇਂ ਹੀ ਅਫਸਰ ਕਿਲ੍ਹੇ ਤੋਂ ਬਾਹਰ ਆਉਣ ਲੱਗੇ ਤਾਂ ਮੂਲਰਾਜ ਦੇ ਸਿਪਾਹੀਆਂ ਵਿੱਚੋਂ ਇੱਕ ਨੇ ਵੈਨ ਐਗਨੇਊ ਉੱਤੇ ਤਲਵਾਰ ਨਾਲ ਹਮਲਾ ਕਰ ਦਿੱਤਾ ਅਤੇ ਉਸ ਨੂੰ ਜਖਮੀ ਕਰ ਦਿੱਤਾ। ਫਿਰ ਇੱਕ ਭੀੜ ਨੇ ਐਂਡਰਸਨ ਨੂੰ ਘੇਰ ਲਿਆ ਅਤੇ ਉਸ ‘ਤੇ ਹਮਲਾ ਕਰ ਦਿੱਤਾ। ਉਦੋਂ ਤੱਕ ਮੂਲਰਾਜ ਜਾ ਚੁੱਕਾ ਸੀ। ਕਾਹਨ ਸਿੰਘ ਨੇ ਮੂਲਰਾਜ ਦੇ ਭਰਾ ਗੰਗ ਰਾਮ ਦੀ ਮਦਦ ਨਾਲ ਅਗਨੇਊ ਨੂੰ ਚੁੱਕਿਆ ਅਤੇ ਨੇੜੇ ਸਥਿਤ ਈਦਗਾਹ ਲੈ ਗਿਆ। ਐਂਡਰਸਨ ਨੂੰ ਉਸ ਦੇ ਗੋਰਖਾ ਬਾਡੀਗਾਰਡਾਂ ਦੁਆਰਾ ਸੁਰੱਖਿਅਤ ਕੀਤਾ ਗਿਆ ਸੀ। ਮੂਲਰਾਜ ਦਾ ਇਸ ਘਟਨਾ ਨਾਲ ਕੋਈ ਸਿੱਧਾ ਸਬੰਧ ਨਹੀਂ ਸੀ। ਫਿਰ ਵੀ ਉਸ ਨੂੰ ਪੇਸ ਹੋਣ ਲਈ ਕਿਹਾ ਗਿਆ। ਮੂਲਰਾਜ ਨਹੀਂ ਗਿਆ। ਮੂਲਰਾਜ ਨੇ ਕਾਤਲਾਂ ਦੀ ਤਾਰੀਫ ਕੀਤੀ ਅਤੇ ਇਨਾਮ ਦਿੱਤੇ। ਇਹ ਇੱਕ ਬਗਾਵਤ ਸੀ. ਲੋਕਾਂ ਨੇ ਕਿਹਾ ਕਿ ਉਹ ਮੂਲਰਾਜ ਦਾ ਹੁਕਮ ਮੰਨਣਗੇ। ਅਗਨੇਊ ਨੇ 80 ਮੀਲ ਦੂਰ ਭਵਲਪੁਰ ਵਿਖੇ ਪੀਰ ਇਬਰਾਹੀਮ ਖਾਨ ਨੂੰ ਮਦਦ ਲਈ ਸੁਨੇਹਾ ਭੇਜਿਆ। ਉਦੋਂ ਤੱਕ ਕਾਹਨ ਸਿੰਘ ਦੇ ਸਿੱਖ ਘੋੜਸਵਾਰ ਅਤੇ ਹੋਰ ਵੀ ਮੂਲਰਾਜ ਵਿੱਚ ਸਾਮਲ ਹੋ ਗਏ ਸਨ। ਉਸੇ ਸ਼ਾਮ ਈਦਗਾਹ ‘ਤੇ ਹਮਲਾ ਕੀਤਾ ਗਿਆ ਅਤੇ ਦੋਵੇਂ ਅਧਿਕਾਰੀ ਮਾਰ ਦਿੱਤੇ ਗਏ। ਕਾਹਨ ਸਿੰਘ ਅਤੇ ਉਸ ਦੇ ਪੁੱਤਰ ਨੂੰ ਬੰਦੀ ਬਣਾ ਲਿਆ ਗਿਆ।

ਜੇਕਰ ਘਟਨਾਵਾਂ ‘ਤੇ ਨਜਰ ਮਾਰੀਏ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਮੂਲਰਾਜ ਨੇ ਸਭ ਕੁਝ ਤਿਆਗ ਦਿੱਤਾ ਸੀ, ਫਿਰ ਅਚਾਨਕ ਵੱਡਾ ਬਦਲਾਅ ਕਿਵੇਂ ਆਇਆ ? ਕਵੀ ਹਕੀਮ ਚੰਦ ਅਨੁਸਾਰ ਇੱਥੇ ਹੀ ਮੂਲਰਾਜ ਦੀ ਅਣਖੀ ਮਾਤਾ ਨੇ ਉਸ ਨੂੰ ਗੁਰੂਆਂ ਅਤੇ ਸਹੀਦਾਂ ਦੀ ਯਾਦ ਦਿਵਾਉਂਦਿਆਂ ਉਸ ਨੂੰ ਸੈਨਾ ਲੈ ਕੇ ਮੈਦਾਨ-ਏ-ਜੰਗ ਵਿਚ ਜਾਣ ਜਾਂ ਫਿਰ ਨਜਰਾਂ ਤੋਂ ਦੂਰ ਹੋ ਜਾਣ ਲਈ ਕਿਹਾ। ਇਹ ਵੀ ਕਿਹਾ ਕਿ ਉਹ ਖੁਦ ਖਾਲਸਾ ਫੌਜ ਦੀ ਕਮਾਨ ਸੰਭਾਲ ਕੇ ਲੜਨ ਲਈ ਜੰਗ ਦੇ ਮੈਦਾਨ ਵਿੱਚ ਜਾਵੇਗੀ। ਇਹੀ ਵਕਤ ਸੀ ਜਦ ਇਕ ਮਾਂ ਨੇ ਆਪਣੇ ਪੁੱਤਰ ਦੇ ਗੁੱਟ ‘ਤੇ ਗਾਨਾ ਬੰਨ੍ਹਿਆ ਅਤੇ ਉਸ ਨੂੰ ਯੁੱਧ ਲੜਨ ਲਈ ਤਿਆਰ ਕੀਤਾ। ਅਣਖੀ ਮਾਂ ਦੇ ਬੋਲਾਂ ਦਾ ਪ੍ਰਭਾਵ ਇਹ ਸੀ ਕਿ ਮੂਲਰਾਜ ਨੇ ਲੋਕਾਂ ਨੂੰ ਅੰਗਰੇਜਾਂ ਵਿਰੁੱਧ ਬਗਾਵਤ ਕਰਨ ਲਈ ਤਿਆਰ ਕੀਤਾ ਅਤੇ ਫੌਜ ਵਿੱਚੋਂ ਕੱਢੇ ਗਏ ਸਿਪਾਹੀਆਂ ਨੂੰ ਦੁਬਾਰਾ ਭਰਤੀ ਕੀਤਾ। **ਅਗਲੇ ਸਫੇ ’ਤੇ ਜਾਰੀ**



# ਦੀਵਾਨ ਮੂਲਰਾਜ ਚੋਪੜਾ: ਭਾਰਤ ਦੀ ਆਜਾਦੀ ਦੀ ਪਹਿਲੀ ਜੰਗ ਦਾ ਅਣਸੰਗ ਹੀਰੋ

ਮੂਲਰਾਜ ਦਾ ਮੈਦਾਨੇ ਜੰਗ ਵਿਚ ਉਤਰਨਾ ਦੂਜਿਆਂ ਦੀ ਤਰਾਂ ਰਾਜਭਾਗ ਬਚਾਉਣ ਲਈ ਨਹੀਂ ਸੀ। ਉਹ ਸਭ ਕੁਝ ਤਿਆਗ ਚੁਕਾ ਸੀ। ਉਹ ਕੇਵਲ ਦੇਸ ਨੂੰ ਅੰਗਰੇਜ ਮੁਕਤ ਕਰਨਾ ਚਾਹੁੰਦਾ ਸੀ। ਇਸੇ ਲਈ ਉਹ ਅਜਾਦੀ ਦੀ ਪਹਿਲੀ ਜੰਗ ਦਾ ਅਣਸੰਗ ਹੀਰੋ ਹੈ।

ਮੁਲਤਾਨ ਤੋਂ ਸੁਨੇਹਾ ਮਿਲਦਿਆਂ ਹੀ ਫਰੈਡਰਿਕ ਕਰੀ ਨੇ ਜਨਰਲ ਵਿਸ਼ ਅਤੇ ਜਨਰਲ ਵੈਨ ਕੋਰਟਲੈਂਡ ਨੂੰ ਮੁਲਤਾਨ ਰਵਾਨਾ ਕੀਤਾ। ਇਸ ਤੋਂ ਪਹਿਲਾਂ ਡੇਰਾ ਇਸਮਾਈਲ ਖਾਨ ਵਿੱਚ ਲੈਫਟੀਨੈਂਟ ਹਰਬਰਟ ਐਡਵਰਡ ਨੂੰ ਅਗਨੇਊ ਦਾ ਪੈਗਾਮ ਮਿਲਣ ’ਤੇ ਉਸ ਨੇ ਵੀ ਮੁਲਤਾਨ ਵੱਲ ਕੂਚ ਕੀਤਾ ਅਤੇ ਰਸਤੇ ਵਿੱਚ ਪਠਾਣਾਂ ਦੀ ਭਰਤੀ ਕੀਤੀ। ਕੁਝ ਸਮੇਂ ਬਾਅਦ ਜਨਰਲ ਵੈਨ ਕੋਰਟਲੈਂਡ ਵੀ ਉਸ ਨਾਲ ਜੁੜ ਗਿਆ। ਇੱਥੇ ਹੀ ਲਾਹੌਰ ਨੇ ਮੁਲਤਾਨ ਜਾਣ ਵਾਲੀ ਫੌਜ ਵਿਚ ਅੰਗਰੇਜਾਂ ਨੂੰ ਨਾ ਭੇਜਣ ਦਾ ਫੈਸਲਾ ਕੀਤਾ ਅਤੇ ਰਾਜਾ ਸੇਰ ਸਿੰਘ ਅਟਾਰੀਵਾਲੇ ਨੂੰ ਭੇਜਿਆ ਗਿਆ। ਰਾਜਾ ਸੇਰ ਸਿੰਘ ਅੰਗਰੇਜਾਂ ਪ੍ਰਤੀ ਫੌਜ ਦੀ ਨਫਰਤ ਤੋਂ ਜਾਣੂ ਸੀ। ਉਸ ਦੀ ਫੌਜ ਮੂਲਰਾਜ ਦੇ ਪੱਖ ਵਿਚ ਸੀ। ਸੇਰ ਸਿੰਘ ਦਾ ਪਿਤਾ ਸ: ਚਤਰ ਸਿੰਘ ਅਟਾਰੀਵਾਲਾ ਜਿਸ ਦੀ ਧੀ ਮਹਾਰਾਜੇ ਦਲੀਪ ਸਿੰਘ ਨਾਲ ਮੰਗੀ ਹੋਈ ਸੀ, ਅੰਗਰੇਜਾਂ ਦੇ ਇਰਾਦਿਆਂ ਤੋਂ ਵਾਕਫ ਸੀ। ਉਸ ਸਮੇਂ ਉਹ ਵੀ ਪੰਜਾਬ ਦੇ ਉੱਤਰੀ ਇਲਾਕੇ ਹਜਾਰਾ ਵਿੱਚ ਖੁੱਲ੍ਹੀ ਬਗਾਵਤ ਦੀ ਤਿਆਰੀ ਕਰ ਰਿਹਾ ਸੀ। 14 ਸਤੰਬਰ ਨੂੰ ਸੇਰ ਸਿੰਘ ਨੇ ਵੀ ਈਸਟ ਇੰਡੀਆ ਕੰਪਨੀ ਵਿਰੁੱਧ ਬਗਾਵਤ ਕਰ ਦਿੱਤੀ ਅਤੇ ਮੂਲਰਾਜ ਨਾਲ ਮਿਲ ਗਿਆ। ਹਾਲਾਂਕਿ, ਅੰਗਰੇਜਾਂ ਵਲੋਂ ਸਾਜਿ?ਸ ਕਰਦਿਆਂ ਦੀਵਾਨ ਮੂਲਰਾਜ ਦੇ ਦਿਲ ਵਿੱਚ ਸੇਰ ਸਿੰਘ ਪ੍ਰਤੀ ਸ਼ੱਕ ਪੈਦਾ ਕਰ ਦੇਣ ਨਾਲ ਦੋਵੇਂ ਆਗੂ ਫੌਜਾਂ ਦਾ ਰਲੇਵਾਂ ਨਾ ਕਰ ਸਕੇ ਅਤੇ ਅੰਗਰੇਜਾਂ ਦੇ ਵਿਰੁੱਧ ਵੱਖਰੇ ਤੌਰ ‘ਤੇ ਲੜੇ। ਮੁਲਤਾਨ ਦੀਆਂ ਘਟਨਾਵਾਂ ਨੂੰ ਲੈ ਕੇ ਅੰਗਰੇਜਾਂ ਨੇ ਮੂਲਰਾਜ ਨੂੰ ਮਹਾਰਾਜੇ ਦੇ ਵਿਰੋਧੀ ਵਜੋਂ ਪੇਸ ਕਰਨ ਪਿਛੇ ਬ੍ਰਿਟਿਸ ਅਧਿਕਾਰੀਆਂ ਨੂੰ ਉਮੀਦ ਸੀ ਕਿ ਇਸ ਤਰਾਂ ਕਰਕੇ ਹੋਰ ਪ੍ਰਭਾਵਸਾਲੀ ਸਿੱਖਾਂ ਨੂੰ ਬਗਾਵਤ ਵਿੱਚ ਸਾਮਲ ਹੋਣ ਰੋਕਿਆ ਜਾ ਸਕੇਗਾ। ਹਾਲਾਂਕਿ, ਮੂਲਰਾਜ ਛੇਤੀ ਹੀ ਵਿਦਰੋਹ ਦਾ ਕੇਂਦਰ ਬਣ ਗਿਆ। ਇੱਕ ਸਿੱਖ ਸੰਤ ਮਹਾਰਾਜ ਸਿੰਘ ਨੇ ਫਾਰਗ ਖਾਲਸਾ ਸਿਪਾਹੀਆਂ ਨੂੰ ਮੁਲਤਾਨ ਭੇਜਣ ਅਤੇ ਹੋਰ ਸਹਾਇਤਾ ਪ੍ਰਦਾਨ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ।

ਜੂਨ ਦੇ ਸੁਰੂ ਵਿੱਚ, ਐਡਵਰਡ ਨੇ ਮੁਲਤਾਨ ਦੇ ਵਿਰੁੱਧ ਫੌਜੀ ਕਾਰਵਾਈਆਂ ਤੇਜ ਕਰ ਦਿੱਤੀਆਂ। 18 ਜੂਨ ਨੂੰ ਕਿਨੇਰੀ ਦੇ ਅਸਥਾਨ ‘ਤੇ ਮੂਲਰਾਜ ਦੇ ਭਰਾ ਗੰਗ ਰਾਮ ਦੀ ਅਗਵਾਈ ਹੇਠ ਮੁਲਤਾਨੀ ਫੌਜ ਅਤੇ ਐਡਵਰਡ ਦੀ ਫੌਜ ਵਿਚਕਾਰ ਝੜਪ ਹੋਈ। ਕਰਨਲ ਵੈਨ ਕੋਰਟਲੈਂਡ ਦੇ ਤੋਪਖਾਨੇ ਅਤੇ ਪਖਤੂਨ ਜਵਾਬੀ ਹਮਲੇ ਨੇ ਮੁਲਤਾਨੀ ਫੌਜਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ। ਮੂਲਰਾਜ ਦੀਆਂ ਫੌਜਾਂ ਨੂੰ 500 ਬੰਦਿਆਂ ਅਤੇ ਛੇ ਤੋਪਾਂ ਦੇ ਨੁਕਸਾਨ ਨਾਲ ਮੁਲਤਾਨ ਵੱਲ ਪਿੱਛੇ ਹਟਣਾ ਪਿਆ। ਐਡਵਰਡ 26 ਜੂਨ ਨੂੰ ਮੁਲਤਾਨ ਲਈ ਰਵਾਨਾ ਹੋਇਆ। ਮੁਲਤਾਨ ਤੋਂ ਪਹਿਲਾਂ ਮੂਲਰਾਜ ਸੁਧੂਸਮ ਵਿੱਚ ਉਸ ਦੀ ਉਡੀਕ ਕਰ ਰਿਹਾ ਸੀ। ਇੱਥੇ ਹੋਈ ਝੜਪ ਵਿੱਚ ਮੂਲਰਾਜ ਗੋਲੀ ਲੱਗਣ ਕਾਰਨ ਹਾਥੀ ਤੋਂ ਹੇਠਾਂ ਡਿੱਗ ਗਿਆ। ਇੱਥੇ ਵੀ ਮੂਲਰਾਜ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।


ਜੂਨ ਵਿੱਚ ਜਨਰਲ ਵਿਸ ਦੇ ਅਧੀਨ ਲਾਹੌਰ ਤੋਂ ਤੋਪਖਾਨੇ ਨਾਲ ਆਈ ਵਡੀ ਫੌਜ ਨੇ ਮੁਲਤਾਨ ਦੀ ਘੇਰਾਬੰਦੀ ਸੁਰੂ ਕਰ ਦਿੱਤੀ। ਪਹਾੜੀ ਉੱਤੇ ਬਣਿਆ ਸਹਿਰ ਉੱਚੀਆਂ ਅਤੇ ਮਜਬੂਤ ਕੰਧਾਂ ਨਾਲ ਘਿਰਿਆ ਹੋਇਆ ਹੋਣ ਕਰ ਕੇ ਘੇਰਾਬੰਦੀ ਸੁਖਾਲੀ ਨਹੀਂ ਸੀ। 27 ਦਸੰਬਰ ਨੂੰ ਵਿਸ਼ ਵਲੋਂ ਸਹਿਰ ਦੇ ਬਾਹਰਵਾਰ ਕੀਤੇ ਗਏ ਹਮਲਿਆਂ ਨੇ ਮੂਲਰਾਜ ਦੀਆਂ ਫੌਜਾਂ ਨੂੰ ਸਹਿਰ ਵੱਲ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ। ਘੇਰਾਬੰਦੀ ਦੌਰਾਨ ਕਿਲ੍ਹੇ ‘ਤੇ ਅਣਗਿਣਤ ਤੋਪਾਂ ਦੇ ਗੋਲੇ ਦਾਗੇ ਗਏ। 30 ਦਸੰਬਰ ਨੂੰ, ਇੱਕ ਬੰਬ ਕਿਲ੍ਹੇ ਵਿੱਚ ਇੱਕ ਅਸਲ੍ਹਾਖਾਨੇ ’ਤੇ ਵਜਾ, ਜਿਸ ਨਾਲ ਇੱਕ ਵੱਡਾ ਧਮਾਕਾ ਹੋਇਆ ਅਤੇ ਸੈਂਕੜੇ ਆਦਮੀ ਮਾਰੇ ਗਏ। ਮੂਲਰਾਜ ਨੇ ਵਿਸ਼ ਨੂੰ ਸੁਨੇਹਾ ਭੇਜਿਆ ਕਿ ਉਸ ਕੋਲ ਇੰਨਾ ਗੋਲਾ-ਬਾਰੂਦ ਹੈ ਕਿ ਉਹ ਇੱਕ ਸਾਲ ਤਕ ਲੜ ਸਕਦਾ ਹੈ। ਵਿਸ਼ ਨੇ 2 ਜਨਵਰੀ 1849 ਨੂੰ ਇੱਕ ਆਮ ਹਮਲੇ ਦਾ ਹੁਕਮ ਦਿੱਤਾ। ਇੱਕ ਭਿਆਨਕ ਹਮਲੇ ਵਿੱਚ ਮੂਲਰਾਜ ਦੀ ਫੌਜ ਨੇ ਤਲਵਾਰਾਂ ਕੱਢ ਲਈਆਂ। ਜਿਸ ‘ਤੇ ਹਮਲਾਵਰਾਂ ਨੇ ਗੋਲੀਆਂ ਚਲਾ ਦਿੱਤੀਆਂ। ਤਲਵਾਰਾਂ ਅਤੇ ਗੋਲੀਆਂ ਦੀ ਲੜਾਈ ਵਿੱਚ ਮੂਲਰਾਜ ਦੀ ਫੌਜ ਨੂੰ ਭਾਰੀ ਨੁਕਸਾਨ ਤੋਂ ਬਾਅਦ ਪਿੱਛੇ ਹਟਣ ਲਈ ਮਜਬੂਰ ਹੋਈ। ਅੰਗਰੇਜਾਂ ਦੀ ਫੌਜ ਸਹਿਰ ’ਚ ਦਾਖਲ ਹੋ ਗਈ ਅਤੇ ਖੂਨੀ ਜੰਗ ਰਾਹੀਂ ਆਮ ਨਾਗਰਿਕਾਂ ਨੂੰ ਅੰਨ੍ਹੇਵਾਹ ਕਤਲ ਕੀਤਾ ਗਿਆ। ਭਾਰੀ ਲੁੱਟ ਕੀਤੀ ਗਈ। ਅੰਗਰੇਜਾਂ ਨੇ ਭਾਰੀ ਨੁਕਸਾਨ ਦੇ ਬਾਵਜੂਦ 9 ਜਨਵਰੀ ਨੂੰ ਕਿਲ੍ਹੇ ਤੋਂ 20 ਗਜ ਦੂਰ ਖਾਈ ‘ਤੇ ਕਬਜਾ ਕਰ ਲਿਆ। ਮੁਲਤਾਨ ਦੀ ਸੱਤ ਮਹੀਨੇ ਦੀ ਘੇਰਾਬੰਦੀ ਦੌਰਾਨ ਮੂਲਰਾਜ ਨੇ ਅੰਗਰੇਜ਼ਾਂ ਨੂੰ ਜਬਰਦਸਤ ਟੱਕਰ ਦਿਤੀ। ਲੇਕਿਨ, 22 ਜਨਵਰੀ 1849 ਨੂੰ ਮੂਲਰਾਜ ਨੇ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਖਾਤਰ 550 ਆਦਮੀਆਂ ਨਾਲ ਆਤਮ ਸਮਰਪਣ ਕਰ ਦਿੱਤਾ। ਬ੍ਰਿਟਿਸ ਅਤੇ ਭਾਰਤੀ ਸੈਨਿਕਾਂ ਦੁਆਰਾ ਸਹਿਰ ਵਿੱਚ ਵੱਡੀ ਮਾਤਰਾ ਵਿੱਚ ਲੁੱਟਮਾਰ ਕੀਤੀ ਗਈ ਸੀ। ਮੂਲਰਾਜ ਦੇ ਖਜਾਨੇ ਦੀ ਕੀਮਤ 30 ਲੱਖ ਪੌਂਡ ਸੀ, ਜੋ ਉਸ ਸਮੇਂ ਲਈ ਬਹੁਤ ਵੱਡੀ ਰਕਮ ਸੀ।

ਦੀਵਾਨ ਮੂਲਰਾਜ ‘ਤੇ ਵੈਂਸ ਐਗਨੇਊ ਅਤੇ ਐਂਡਰਸਨ ਦੇ ਕਤਲ ਲਈ ਮੁਕੱਦਮਾ ਚਲਾਇਆ ਗਿਆ ਸੀ। ਉਸ ਨੂੰ ਯੋਜਨਾਬੱਧ ਕਤਲ ਤੋਂ ਬਰੀ ਕਰ ਦਿੱਤਾ ਗਿਆ ਸੀ, ਪਰ ਉਸ ਨੂੰ ਸਹਾਇਕ ਹੋਣ ਦਾ ਦੋਸੀ ਪਾਇਆ ਗਿਆ ਸੀ, ਕਿਉਂਕਿ ਉਸ ਨੇ ਕਾਤਲਾਂ ਨੂੰ ਇਨਾਮ ਦਿੱਤਾ ਸੀ ਅਤੇ ਖੁੱਲ੍ਹੇਆਮ ਬਗਾਵਤ ਕੀਤੀ ਸੀ। ਮੂਲਰਾਜ ਨੂੰ ਮੌਤ ਦੀ ਸਜਾ ਸੁਣਾਈ ਗਈ, ਪਰ ਸਜਾ ਨੂੰ ਬਾਅਦ ਵਿੱਚ ਉਮਰ ਭਰ ਲਈ ਜਲਾਵਤਨੀ ਵਿੱਚ ਤਬਦੀਲ ਕਰ ਦਿਤੀ ਗਈ। ਅਗਸਤ 1851 ਵਿੱਚ ਇੱਕ ਬਿਮਾਰੀ ਤੋਂ ਬਾਅਦ ਬਕਸਰ ਜੇਲ੍ਹ ਦੇ ਰਸਤੇ ਵਿੱਚ ਮੂਲਰਾਜ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਿਆ। ਉਸ ਦੇ ਕੁਝ ਵਫਾਦਾਰ ਸੇਵਕਾਂ ਦੁਆਰਾ ਗੰਗਾ ਦੇ ਕੰਢੇ ਉਸ ਦੇ ਮ੍ਰਿਤਕ ਸਰੀਰ ਦਾ ਸਸਕਾਰ ਕੀਤਾ ਗਿਆ।

ਯੋਧਿਆਂ ਦਾ ਇਹ ਗੁਣ ਹੁੰਦਾ ਹੈ ਕਿ ਉਹ ਇਕ ਦੂਜੇ ਦੀ ਬਹਾਦਰੀ ਅਤੇ ਲੜਨ ਦੇ ਹੁਨਰ ਦੀ ਤਾਰੀਫ ਕਰਿਆ ਕਰਦੇ ਹਨ, ਭਾਵੇਂ ਦੁਸਮਣ ਜੰਗ ਦੇ ਮੈਦਾਨ ਵਿਚ ਕਿੰਨਾ ਕੱਟੜ ਦੁਸਮਣ ਕਿਉਂ ਨਾ ਹੋਵੇ। ਯੁੱਧ ਤੋਂ ਬਾਅਦ ਬ੍ਰਿਟਿਸ ਵਲੋਂ ਮੂਲਰਾਜ ਅਤੇ ਸਿੱਖ ਫੌਜਾਂ ਦੀ ਬਹੁਤ ਪ੍ਰਸੰਸਾ ਕੀਤੀ ਗਈ। ਮੂਲਰਾਜ ਖੁਦਮੁਖਤਿਆਰ ਸੁਭਾਅ ਦੇ ਸਨ, ਜਿਸ ਨੇ ਅੰਗਰੇਜਾਂ ਦੀ ਅਧੀਨਗੀ ਸਵੀਕਾਰ ਨਹੀਂ ਕੀਤੀ। ਪਰ ਬਦਕਿਸਮਤੀ ਨਾਲ ਸਾਡੇ ਇਤਿਹਾਸ ਦੇ ਇੱਕ ਬਹੁਤ ਹੀ ਮਹੱਤਵਪੂਰਨ ਪਾਤਰ, ਅਣਗੌਲੇ ਮਹਾਨ ਨਾਇਕ ਨੂੰ ਸਰਕਾਰਾਂ ਨੇ ਪੂਰੀ ਤਰ੍ਹਾਂ ਵਿਸਾਰ ਦਿੱਤਾ ਹੈ। ਮੂਲਰਾਜ ਚੋਪੜਾ ਦੇ ਖਾਨਦਾਨ ਵਿਚੋਂ ਮੌਜੂਦਾ ਸਮੇਂ ਸ੍ਰੀ ਵਿਜੇ ਕੁਮਾਰ ਚੋਪੜਾ, ਅਵਿਨਾਸ ਚੋਪੜਾ ਅਤੇ ਅਮਿੱਤ ਚੋਪੜਾ ਪੂਰੇ ਪਰਿਵਾਰ ਸਮੇਤ ਦੇਸ ਦੀ ਏਕਤਾ ਅਤੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਹਨ, ਅਤੇ ’ਦ ਹਿੰਦ ਸਮਾਚਾਰ ਲਿਮਟਿਡ’ ਦੀ ਪੱਤਰਕਾਰੀ ਜ਼ਰੀਏ ਹਿੰਦੂ-ਸਿੱਖ ਭਾਈਚਾਰੇ ਨੂੰ ਮਜਬੂਤ ਕਰਨ ਦੇ ਮਿਸਨ ਲਈ ਲਗਾਤਾਰ ਕਾਰਜਸੀਲ ਹਨ।

# ਬਹੁਤ ਜਿਆਦਾ ਵਧ ਰਹੇ ਹਨ ਭਾਰਤ ਵਿੱਚ ਵਿਦਿਆਰਥੀਆਂ ਦੇ ਖੁਦਕੁਸ਼ੀ ਮਾਮਲੇ

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿਧਵਾਂ 9501100062



ਬਹੁਤ ਦੁੱਖਦਾਈ ਖਬਰ ਹੈ ਕਿ ਭਾਰਤ ਦੇ ਨੈਸ਼ਨਲ ਕਰਾਈਮ ਬਿਊਰੋ ਡਾਟਾ (ਐਨ.ਸੀ.ਆਰ.ਬੀ.)ਵੱਲੋਂ ਜਾਰੀ ਕੀਤੀ ਗਈ ਰਿਪੋਰਟਮੁਤਾਬਕ ਸਾਲ 2020 ਅਤੇ 2021 ਦੇ ਦੌਰਾਨ ਕ੍ਰਮਵਾਰ 12526 ਅਤੇ 13200 ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਹੈ। ਇਹ ਦਿਹਾੜੀਦਾਰਾਂ(42004), ਘਰੇਲੂ ਔਰਤਾਂ (23179), ਨੌਕਰੀ ਪੇਸ਼ਾ (20231) ਅਤੇ ਬੇਰੋਜ਼ਗਾਰਾਂ(13714) ਤੋਂ ਬਾਅਦ 6ਵੀਂ ਸਭ ਤੋਂ ਵੱਡੀ ਗਿਣਤੀ ਹੈ। 2010 ਤੋਂ ਬਾਅਦ ਵਿਦਿਆਰਥੀਆਂ ਦੀ ਖੁਦਕੁਸ਼ੀ ਦਰ ਹਰ ਸਾਲ 4.5% ਦੇ ਹਿਸਾਬ ਨਾਲ ਵਧਦੀ ਜਾ ਰਹੀ ਹੈ। ਕਿਸਾਨ ਖੁਦਕੁਸ਼ੀਆਂ ਵੀ ਬਹੁਤ ਜਿਆਦਾ ਹੋ ਰਹੀਆਂ ਹਨ। ਪਰ ਇਹਨਾਂ ਬਾਰੇ ਸੂਬਿਆਂ ਅਤੇ ਕੇਂਦਰ ਦਾ ਡਾਟਾ ਆਪਸ ਵਿੱਚ ਮੇਲ ਨਹੀਂ ਖਾਂਦਾ,ਜਿਸ ਕਾਰਨ ਇਹਨਾਂ ਬਾਰੇ ਸਟੀਕਤਾ ਨਾਲ ਕੁਝ ਕਿਹਾ ਨਹੀਂ ਜਾ ਸਕਦਾ।ਕੇਰਲ, ਛੱਤੀਸਗੜ੍ਹ, ਮਹਾਰਾਸ਼ਟਰ, ਮੱਧ ਪ੍ਰਦੇਸ਼ਅਤੇ ਤਾਮਿਲਨਾਡੂ ਵਰਗੇ ਪੜ੍ਹੇ ਲਿਖੇ ਸੂਬਿਆਂਵਿੱਚ ਸਭ ਤੋਂ ਵੱਧ ਵਿਦਿਆਰਥੀ ਖੁਦਕੁਸ਼ੀਆਂ ਕਰ ਰਹੇ ਹਨ। ਐਨ.ਸੀ.ਆਰ.ਬੀ. ਦੇ ਡਾਟੇ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਨੌਜਵਾਨਾਂ ਦੇ ਹਾਲਾਤ ਕਿੰਨੀ ਭਿਆਨਕ ਅਵਸਥਾ ਵਿੱਚ ਪਹੁੰਚ ਚੁੱਕੇ ਹਨ।ਵਿਦਿਆਰਥੀਆਂ ਦੀ ਖੁਦਕੁਸ਼ੀ ਦਾ ਸਿੱਧਾ ਸਬੰਧ ਪ੍ਰੋਫੈਸ਼ਨਲ ਕੋਰਸਾਂ ਵਿੱਚ ਦਾਖਲੇ ਲਈ ਚੱਲ ਰਹੀ ਮਾਰਾ ਮਾਰੀ ਅਤੇ ਬੇਰੋਜ਼ਗਾਰੀ ਹੈ। ਇਹ ਤੱਥ ਇਸ ਗੱਲ ਤੋਂ ਸਾਬਤ ਹੁੰਦਾ ਹੈ ਕਿ ਕਰੋਨਾ ਕਾਲ (2020) ਵੇਲੇ ਖੁਦਕੁਸ਼ੀਆਂ ਦੀ ਦਰ ਇੱਕ ਦਮ ਹੇਠਾਂ ਆ ਗਈ ਸੀ, ਕਿਉਂਕਿ ਉਸ ਵੇਲੇ ਸਕੂਲ ਕਾਲਜ ਬੰਦ ਹੋ ਗਏ ਸਨ।

ਵਿਦਿਆਰਥੀ ਖੁਦਕੁਸ਼ੀ ਮਾਮਲਿਆਂ ਨੂੰ ਘੋਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਲੜਕੀਆਂ ਦੀ ਖੁਦਕੁਸ਼ੀ ਦਰ (43%) ਲੜਕਿਆਂ (57%) ਦੀ ਬਨਿਸਬਤ ਘੱਟ ਹੈ। ਬਚਪਨ ਤੋਂ ਹੀ ਘਰ ਅਤੇ ਸਮਾਜ ਵਿੱਚ ਔਖੇ ਹਾਲਾਤ ਦਾ ਸਾਹਮਣਾ ਕਰਨ ਕਾਰਨ ਲੜਕੀਆਂ ਲੜਕਿਆਂ ਤੋਂ ਜਿਆਦਾ ਦਬਾਅ ਝੱਲਣ ਦੇ ਕਾਬਲ ਬਣ ਜਾਂਦੀਆਂ ਹਨ।2017 ਵਿੱਚ 4711 ਲੜਕੀਆਂ ਨੇ ਖੁਦਕੁਸ਼ੀ ਕੀਤੀ ਸੀ ਤੇ ਇਹ ਗਿਣਤੀ 2021 ਵਿੱਚ 5693 ਹੋ ਗਈ ਹੈ। ਸਭ ਤੋਂ ਵੱਧ ਖੁਦਕੁਸ਼ੀਆਂ ਦਸਵੀਂ ਤੋਂ ਲੈ ਕੇ ਗਰੈਜੂਏਟ ਪੱਧਰ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਵੱਲੋਂ ਕੀਤੀਆਂ ਜਾ ਰਹੀਆਂ ਹਨ।ਇਹ ਹੀ ਉਹ ਸਮਾਂ ਹੁੰਦਾ ਜਦੋਂ ਵਿਦਿਆਰਥੀ ਪਲੱਸ ਟੂ ਕਰਨ ਤੋਂ ਬਾਅਦ ਕਿਸੇ ਵਧੀਆ ਪ੍ਰੋਫੈਸ਼ਨਲ ਕੋਰਸ ਵਿੱਚ ਦਾਖਲਾ ਹਾਸਲ ਕਰਨ ਜਾਂ ਨੌਕਰੀ ਪ੍ਰਾਪਤ ਕਰਨ ਲਈ ਮੁਕਾਬਲੇ ਦੀ ਤਿਆਰੀ ਕਰਦੇ ਹਨ। ਇਸ ਵੇਲੇ ਭਾਰਤੀਆਂ ਵਿੱਚ ਆਪਣੇ ਬੱਚਿਆਂ ਨੂੰ ਰਾਜਸਥਾਨ ਵਿਚਲੇ ਪ੍ਰਸਿੱਧ (ਪਰ ਹੁਣ ਖੁਦਕੁਸ਼ੀਆਂ ਕਾਰਨ ਬਦਨਾਮ ਹੋ ਚੁੱਕੇ) ਕੋਟੇ ਦੇ ਟਿਊਸ਼ਨ ਸੈਂਟਰਾਂ ਵਿੱਚ ਦਾਖਲ ਕਰਵਾਉਣ ਦੀ ਹੋੜ ਮੱਚੀ ਹੋਈ ਹੈ ਜਿੱਥੇ 2011 ਤੋਂ ਲੈ ਕੇ ਹੁਣ ਤੱਕ 150 ਦੇ ਕਰੀਬ ਵਿਦਿਆਰਥੀ ਖੁਦਕੁਸ਼ੀਆਂ ਕਰ ਚੁੱਕੇ ਹਨ। ਇਹ ਭਾਰਤ ਤੇ ਸ਼ਾਇਦ ਵਿਸ਼ਵ ਦਾ ਇੱਕੋ ਇੱਕ ਸ਼ਹਿਰ ਹੋਵੇਗਾ ਜਿੱਥੇ ਐਨੀ ਵੱਡੀ ਗਿਣਤੀ ਵਿੱਚ ਵਿਦਿਆਰਥੀ ਖੁਦਕੁਸ਼ੀਆਂ ਕਰਦੇ ਹਨ।

ਕੋਟੇ ਦੇ ਟਿਊਸ਼ਨ ਸੈਂਟਰਵੀ ਬੱਚਿਆਂ ਦੇ ਦਿਮਾਗ ਵਿੱਚ ਕੁਝ ਘੋਲ ਕੇ ਨਹੀਂ ਪਾ ਦਿੰਦੇ। ਚੰਡੀਗੜ੍ਹ ਸਮੇਤ ਭਾਰਤ ਦੇ ਜਿੰਨੇ ਵੀ ਪ੍ਰਸਿੱਧ ਟਿਊਸ਼ਨ ਸੈਂਟਰ ਹਨ, ਸਭ ਦੁਕਾਨਾਂ ਦਾ ਰੂਪ ਧਾਰਨ ਕਰ ਚੁੱਕੇ ਹਨ। ਮੋਟੀਆਂ ਫੀਸਾਂ ਲੈਣ ਦੇ ਬਾਵਜੂਦ ਵੀ ਕਮਜ਼ੋਰ ਵਿਦਿਆਰਥੀਆਂ ਦਾ ਪੱਧਰ ਉੱਪਰ ਚੁੱਕਣ ਲਈ ਕੋਈ ਵਿਸ਼ੇਸ਼ ਉਪਰਾਲਾ ਨਹੀਂ ਕੀਤਾ ਜਾਂਦਾ। ਟਿਊਟਰ ਲੈਕਚਰ ਅਤੇ ਹੋਮ ਵਰਕ ਦੇ ਕੇ ਤੁਰਦੇ ਬਣਦੇ ਹਨ। ਕੁਝ ਸਾਲ ਪਹਿਲਾਂ ਮੇਰੇ ਇੱਕ ਵਾਕਿਫ ਆਦਮੀ ਨੇ ਆਪਣੇ ਲੜਕੇ ਨੂੰ ਕੋਟੇ ਦੇ ਇੱਕ ਟਿਊਸ਼ਨ ਸੈਂਟਰ ਵਿੱਚ ਨੀਟ ਦੀ ਤਿਆਰੀ ਲਈ ਦਾਖਲ ਕਰਵਾਇਆ ਸੀ ਕਿਉਂਕਿ ਲੜਕਾ ਪੜ੍ਹਾਈ ਵਿੱਚ ਥੋੜ੍ਹਾ ਜਿਹਾ ਕਮਜ਼ੋਰ ਸੀ। ਇੱਕ ਸਾਲ ਦੀ ਪੜ੍ਹਾਈ ਅਤੇ ਚਾਰ ਲੱਖ ਰੁਪਿਆ ਖਰਚਣ ਤੋਂ ਬਾਅਦ ਵੀ ਉਸ ਦੀ ਵਿਦਿਆਕ ਯੋਗਤਾ ਵਿੱਚ ਕੋਈ ਸੁਧਾਰ ਨਾ ਆਇਆ, ਸਗੋਂ ਟਿਊਟਰ ਉਸ ਨੂੰ ਨਲਾਇਕ ਕਹਿ ਕੇ ਬੇਇਜ਼ੱਤ ਕਰਨ ਲੱਗ ਪਏ। ਲੜਕਾ ਡਿਪਰੈਸ਼ਨ ਵਿੱਚ ਚਲਾ ਗਿਆ ਤੇ ਆਤਮਹੱਤਿਆ ਦੀ ਧਮਕੀ ਦੇਣ ਲੱਗ ਪਿਆ ਜਿਸ ਕਾਰਨ ਉਸ ਨੂੰ ਵਾਪਸ ਲਿਆਉਣਾ ਪਿਆ। ਇਥੇ ਆ ਕੇ ਉਹ ਆਰਟਸ ਵਿੱਚ ਬਹੁਤ ਵਧੀਆ ਚੱਲ ਪਿਆ ਤੇ ਚੰਗੇ ਨੰਬਰਾਂ ਵਿੱਚ ਗਰੈਜੂਏਸ਼ਨ ਕਰਨ ਤੋਂ ਬਾਅਦ ਹੁਣ ਪੰਚਾਇਤ ਵਿਭਾਗ ਵਿੱਚ ਚੰਗੀ ਪੋਸਟ ‘ਤੇ ਤਾਇਨਾਤ ਹੈ।

ਵਿਦਿਆਰਥੀਆਂ ਦੀਆਂ ਖੁਦਕਸ਼ੀਆਂ ਦੇ ਚਾਰ ਸਭ ਤੋਂ ਵੱਡੇ ਕਾਰਨ ਹਨ। ਮਾਪਿਆਂ ਦੀਆਂ ਬੇਹੱਦ ਉੱਚੀਆਂਖਾਹਿਸ਼ਾਂ, ਸਮਝ ਵਿੱਚ ਨਾ ਆਉਣ ਵਾਲੇ ਕਰੜੇ ਵਿਸ਼ੇ ਚੁਣਨ ਦੀ ਮਜ਼ਬੂਰੀ, ਫੇਲ੍ਹ ਹੋਣ ਦਾ ਡਰ ਅਤੇ ਘਰੋਂ ਭਾਵਨਾਤਮਿਕ ਸਹਾਇਤਾਦਾ ਨਾ ਮਿਲਣਾ। ਪੱਛਮੀ ਦੇਸ਼ਾਂ ਵਿੱਚ ਦਸਵੀਂ ਕਰਨ ਤੋਂ ਬਾਅਦ ਬੱਚੇ ਨੂੰ ਆਪਣੀ ਮਨਮਰਜ਼ੀ ਮੁਤਾਬਕ ਪੜ੍ਹਾਈ ਲਿਖਾਈ ਕਰਨ ਦੀ ਅਜ਼ਾਦੀ ਦੇ ਦਿੱਤੀ ਜਾਂਦੀ ਹੈ। ਪਰ ਭਾਰਤ ਵਿੱਚ ਮਾਪੇ ਚਾਹੁੰਦੇ ਹਨ ਕਿ ਬੱਚਾ ਉਹ ਬਣੇ ਜੋ ਅਸੀਂ ਚਾਹੁੰਦੇ ਹਾਂ। ਆਈ.ਆਈ.ਟੀ., ਡਾਕਟਰ ਅਤੇ ਇੰਜੀਨੀਅਰ ਤੋਂ ਘੱਟ ਕੋਈ ਗੱਲ ਵੀ ਨਹੀਂ ਸੁਣਨਾ ਚਾਹੁੰਦਾ। ਜੇ ਬੱਚਾ ਆਟਰਸ ਦੀ ਪੜ੍ਹਾਈ ਕਰ ਰਿਹਾ ਹੈ ਤਾਂ ਘਰ ਵਾਲੇ ਉਸ ਬਾਰੇ ਦੱਸਣ ਵਿੱਚ ਸ਼ਰਮ ਮਹਿਸੂਸ ਕਰਦੇ ਹਨ। ਜੇ ਬੱਚੇ ਦਾ ਦਿਮਾਗ ਸਾਇੰਸ ਜਾਂ ਮੈਥ ਵੱਲ ਨਹੀਂ ਚੱਲਦਾ ਤਾਂ ਚਾਹੇ ਜਿੰਨੀਆਂ ਮਰਜ਼ੀ ਟਿਊਸ਼ਨਾਂ ਰਖਾਉ, ਨਹੀਂ ਚੱਲ ਸਕੇਗਾ। ਪਰ ਮਾਪੇ ਦਬਾਅ ਪਾਉਣੋਂ ਨਹੀਂ ਹਟਦੇ। ਆਮਿਰ ਖਾਨ ਦੀ ਫਿਲਮ ਥਰੀ ਇਡੀਅਟਸ ਇਸ ਸਥਿੱਤੀ ਬਾਰੇਬਹੁਤ ਚੰਗੀ ਤਰਾਂਨਾਲ ਚਾਨਣਾ ਪਾਉਂਦੀ ਸੀ। ਮੈਂ ਦਸਵੀਂ ਕਲਾਸ ਗਿਆਨ ਆਸ਼ਰਮ ਸਕੂਲ ਅੰਮ੍ਰਿਤਸਰ ਤੋਂ ਕੀਤੀ ਸੀ। ਮੇਰੇ ਸੈਕਸ਼ਨ ਵਿੱਚ ਸਾਡੇ ਮੈਥ ਟੀਚਰ ਦਾ ਮੁੰਡਾ ਵੀ ਪੜ੍ਹਦਾ ਸੀ। ਉਸ ਦੇ ਕੱਚੇ ਪੇਪਰਾਂ ਵਿੱਚ ਮੈਥ ਵਿੱਚੋਂ 99 ਨੰਬਰ ਆਏ ਤਾਂ ਉਸ ਦੇ ਬਾਪ ਨੇ ਉਸ ਨੂੰ ਕਲਾਸ ਵਿੱਚ ਹੀ ਡੰਡਿਆਂ ਨਾਲ ਕੁੱਟਿਆ ਕਿ ਇੱਕ ਨੰਬਰ ਘੱਟ ਕਿਉਂ ਆਇਆ ਹੈ। ਸਿਰਫ ਕੋਟੇਦੇ ਟਿਊਸ਼ਨ ਸੈਂਟਰਾਂ ਵਿੱਚ ਹੀ ਹਰ ਸਾਲ ਪੌਣੇ ਦੋ ਲੱਖ ਦੇ ਕਰੀਬ ਬੱਚੇ ਇੰਜੀਨੀਅਰਿੰਗ ਅਤੇ ਮੈਡੀਕਲਵਿੱਚ ਦਾਖਲੇ ਲਈ ਐਂਟਰੈਂਸ ਟੈੱਸਟ ਕਲੀਅਰ ਕਰਨ ਦੀ ਟਰੇਨਿੰਗ ਲੈਣ ਆਉਂਦੇ ਹਨ। 2021 ਵਿੱਚ ਇਥੇ ਆਤਮ ਹੱਤਿਆ ਕਰਨ ਵਾਲੇ ਬਿਹਾਰ ਦੇ 16 ਸਾਲਾ ਸ਼ੰਬਿਤ ਵੱਲੋਂ ਲਿਖੇ ਗਏ ਖੁਦਕਸ਼ੀ ਨੋਟ ਨੇ ਲੋਕਾਂਨੂੰ ਹਿਲਾ ਦਿੱਤਾ ਸੀ। ਸ਼ੰਬਿਤ ਦਾ ਪਿਤਾ ਇੱਕ ਬੈਂਕ ਵਿੱਚ ਕਲਰਕ ਤੇ ਮਾਂ ਸਕੂਲ ਟੀਚਰ ਸੀ। ਉਹਨਾਂ ਨੇ ਸ਼ੰਬਿਤ ਦੀ ਟਿਊਸ਼ਨ ਫੀਸ ਵਾਸਤੇ 8 ਲੱਖ ਰੁਪਿਆ ਲੋਨ ਲਿਆ ਹੋਇਆ ਸੀ। ਸ਼ੰਬਿਤ ਨੀਟ ਦੀ ਤਿਆਰੀ ਕਰ ਰਿਹਾ ਸੀ ਪਰ ਛੇ ਮਹੀਨੇ ਦੀ ਟਿਊਸ਼ਨ ਤੋਂ ਬਾਅਦ ਉਹ ਐਨਾ ਦਬਾਅ ਨਾ ਝੱਲ ਸਕਿਆ ਤੇ ਮਾਪਿਆਂ ਨੂੰ ਵਾਰ ਵਾਰ ਵਾਪਸ ਲੈ ਜਾਣ ਦੀ ਗੁਜਾਰਿਸ਼ ਕਰਨ ਲੱਗਾ। ਪਰ ਮਾਪੇ ਉਸ ਦੀ ਗੱਲ ਮੰਨਣ ਦੀ ਬਜਾਏ ਲਗਾਤਾਰ ਉਸ ਨੂੰ 8 ਲੱਖ ਦੇ ਕਰਜ਼ੇ ਅਤੇ ਚੰਗੇ ਭਵਿੱਖ ਬਾਰੇ ਵਿਖਿਆਨ ਦਿੰਦੇ ਰਹੇ। ਉਸ ਨੇ ਖੁਦਕੁਸ਼ੀ ਨੋਟ ਵਿੱਚ ਲਿਖਿਆ ਸੀ ਕਿ ਇਥੇ ਸਾਡੀ ਆਪਣੀ ਕੋਈ ਜ਼ਿੰਦਗੀ ਨਹੀਂ ਹੈ। ਅਸੀਂ ਹੱਸਣਾ ਖੇਡਣਾ ਭੁੱਲ ਚੁੱਕੇ ਹਾਂ। ਦਿਨ ਵਿੱਚ 16 16 ਘੰਟੇ ਪੜ੍ਹਨਾ ਪੈਂਦਾ ਹੈ ਤੇ ਕਈ ਵਾਰ ਤਾਂ ਸਾਰਾ ਦਿਨ ਖਾਣ ਪੀਣ ਦੀ ਸੁੱਧ ਵੀ ਨਹੀਂ ਰਹਿੰਦੀ। ਪਿਤਾ ਜੀ ਮੈਨੂੰ ਮਾਫ ਕਰਨਾ, ਮੈਂ ਤੁਹਾਡੇ ਸੁਪਨੇ ਪੂਰੇ ਨਹੀਂ ਕਰ ਸਕਿਆ। ਦੂਸਰਾ ਸਭ ਤੋਂ ਵੱਡਾ ਕਾਰਨ ਬੱਚੇ ਨੂੰ ਧੱਕੇ ਨਾਲ ਗਲਤ ਵਿਸ਼ੇ ਚੁਣਨ ਲਈ ਮਜ਼ਬੂਰ ਕਰਨਾ ਹੈ। ਭਾਰਤ ਵਿੱਚ 70% ਨਾਲੋਂ ਵੀ ਵੱਧ ਨੌਕਰੀਆਂ ਆਟਰਸ ਵਿਸ਼ਿਆਂ ਨਾਲ ਸਬੰਧਿਤ ਹਨ। ਪੁਲਿਸ, ਫੌਜ, ਮਾਲ ਮਹਿਕਮਾ, ਸਿਵਲ ਸਰਵਿਸਜ਼ ਅਤੇ ਜੁਡੀਸ਼ਰੀ ਆਦਿ ਲਈ ਸਾਇੰਸ ਦੀ ਪੜ੍ਹਾਈ ਦੀ ਕੋਈ ਜਰੂਰਤ ਨਹੀਂ ਹੈ। ਇਸ ਲਈ ਇਹ ਵੇਖਣਾ ਜਰੂਰੀ ਹੈ ਕਿ ਬੱਚੇ ਦੀ ਦਿਲਚਸਪੀ ਕਿਸ ਪਾਸੇ ਹੈ। ਵੇਖਿਆ ਜਾਵੇ ਤਾਂ ਸਾਡੇ ਚੋਟੀ ਦੇ ਖਿਡਾਰੀ ਅਤੇ ਫਿਲਮ ਸਟਾਰ ਕਿੰਨਾ ਕੁ ਪੜ੍ਹੇ ਲਿਖੇ ਹਨ ? ਕੋਈ ਬੱਚਾ ਚਾਹੇ ਆਪਣੇ ਜਿਲ੍ਹੇ ਦੇ ਡੀਸੀ ਦਾ ਨਾਮਨਾ ਜਾਣਦਾ ਹੋਵੇ, ਪਰ ਵਿਰਾਟ ਕੋਹਲੀ ਅਤੇ ਸ਼ਾਹਰੁੱਖ ਖਾਨ ਦਾ ਨਾਮ ਜਰੂਰ ਜਾਣਦਾ ਹੋਵੇਗਾ। ਸਾਡੇ ਨਜ਼ਦੀਕੀ ਪਿੰਡ ਦਾ ਇੱਕ ਬੰਦਾ ਆਪਣੇ ਲੜਕੇ ਦੀ ਇਸ ਲਈ ਲਾਹ ਪਾਹ ਕਰਦਾ ਰਹਿੰਦਾ ਸੀ ਕਿ ਉਹਪੜ੍ਹਾਈ ਲਿਖਾਈ ਵੱਲ ਧਿਆਨ ਨਹੀਂ ਦਿੰਦਾ ਤੇ ਚੌਵੀ ਘੰਟੇ ਮੱਝਾਂ ਵਿੱਚ ਵੜਿਆ ਰਹਿੰਦਾ ਹੈ। ਉਸ ਲੜਕੇ ਨੇ ਰੋ ਪਿੱਟ ਕੇ ਬੀ.ਏ ਪਾਸ ਕਰ ਲਈ ਪਰ ਨੌਕਰੀਆਂ ਪਿੱਛੇ ਭੱਜਣ ਦੀ ਬਜਾਏ ਆਪਣਾ ਡੇਅਰੀ ਫਾਰਮ ਖੋਲ੍ਹ ਲਿਆ। ਅੱਜ ਉਸ ਦੇ ਡੇਅਰੀ ਫਾਰਮ ਵਿੱਚ ਚੋਟੀ ਦੀ ਨਸਲ ਦੀਆਂ ਕੁੱਲ ਮਿਲਾ ਕੇਸੌ ਤੋਂ ਵੱਧ ਮੱਝਾਂ ਗਾਵਾਂ ਹਨ। ਅੱਜ ਉਹ ਹੀ ਆਦਮੀ ਜੋ ਉਸ ਨੂੰ ਨਲਾਇਕ ਕਹਿੰਦਾ ਹੁੰਦਾ ਸੀ, ਮਾਣ ਨਾਲ ਦੱਸਦਾ ਹੈ ਕਿ ਮੈਂ ਰੰਧਾਵਾ ਡੇਅਰੀ ਫਾਰਮ ਵਾਲੇ ਕੇਸਰ ਦਾ ਬਾਪ ਹਾਂ। ਖੁਦਕੁਸ਼ੀਆਂ ਦਾ ਇੱਕ ਵੱਡਾ ਕਾਰਨ ਘਰੋਂ ਇਮੋਸ਼ਨਲ ਸਪੋਰਟ ਨਾ ਮਿਲਣਾ ਤੇ ਫੇਲ੍ਹ ਹੋਣ ਦਾ ਡਰ ਹੈ। ਜਦੋਂ ਬੱਚਾ ਪੜ੍ਹਾਈ ਵਿੱਚ ਕਮਜ਼ੋਰ ਹੋਵੇ ਤਾਂ ਉਹ ਪਰਿਵਾਰ ਤੋਂ ਇਮੋਸ਼ਨਲ ਸਪੋਰਟ ਭਾਲਦਾ ਹੈ। ਗੁਰਦਾਸ ਮਾਨ ਦਾ ਗਾਣਾ ਕਿ ਮਾਂ ਦੀ ਹੱਲਾਸ਼ੇਰੀ ਸ਼ੇਰ ਬਣਾ ਦਿੰਦੀ, ਬਿਲਕੁਲ ਸਹੀ ਗੱਲ ਹੈ। ਪਰ ਪਰਿਵਾਰ ਵੱਲੋਂ ਲਗਾਤਾਰ ਕੀਤੀ ਜਾਂਦੀ ਟੋਕਾ ਟੋਕਾਈ ਤੇ ਇਹ ਤਾਂ ਹੈ ਹੀ ਨਲਾਇਕ ਵਰਗੀਆਂ ਵਾਹਯਾਤ ਗੱਲਾਂ ਬੱਚੇ ਨੂੰ ਮਰਨ ਵਾਲੇ ਪਾਸੇ ਲੈ ਤੁਰਦੀਆਂ ਹਨ। ਜਦੋਂ ਬੱਚੇ ਦੇ ਮਨ ਵਿੱਚ ਆ ਜਾਵੇ ਕਿ ਮੇਰੇ ਫੇਲ੍ਹ ਹੋ ਜਾਣ ਕਾਰਨ ਮਾਂ ਬਾਪ ਦੀ ਜ਼ਿੰਦਗੀ ਭਰ ਦੀ ਕਮਾਈ ਸਵਾਹ ਹੋ ਜਾਣੀ ਹੈ ਤਾਂ ਫਿਰ ਹਾਲਾਤ ਹੋਰ ਵੀ ਖਰਾਬ ਹੋ ਜਾਂਦੇ ਹਨ। ਇਸ ਲਈ ਬੱਚੇ ‘ਤੇ ਆਪਣੀ ਮਰਜ਼ੀ ਥੋਪਣ ਦੀ ਬਜਾਏ ਇਹ ਵੇਖਣਾ ਜਰੂਰੀ ਹੈ ਕਿਉਹ ਕੀ ਚਾਹੁੰਦਾ ਤੇ ਕਿਸ ਫੀਲਡ ਵਿੱਚ ਕਾਮਯਾਬ ਹੋ ਸਕਦਾ ਹੈ। ਉਸ ਮੁਤਾਬਕ ਉਸ ਨੂੰ ਉਤਸ਼ਾਹਿਤ ਕੀਤਾ ਜਾਵੇ, ਨਹੀਂ ਫਿਰ ਵੇਲਾ ਹੱਥ ਨਹੀਂ ਆਉਂਦਾ।



# ਬੱਚਿਆਂ ਵਿਚ ਸਮਾਜਿਕ ਗੁਣਾ ਦਾ ਵਿਕਾਸ ਜ਼ਰੂਰੀ

ਪੜ੍ਹਾਈ ਦੇ ਨਾਲ ਹੀ ਬੱਚਿਆਂ ਦੇ ਸੰਪੂਰਨ ਵਿਕਾਸ ਦੇ ਲਈ ਉਨ੍ਹਾਂ 'ਚ ਸਮਾਜਿਕ ਗੁਣਾਂ ਦਾ ਵਿਕਾਸ ਵੀ ਜਰੂਰੀ ਹੈ। ਬੱਚੇ ਨੂੰ ਸਮਾਜਕ ਬਣਾਉਣ ਦੇ ਲਈ ਗੱਲਬਾਤ ਦੀ ਕਲਾ ਅਤੇ ਭਾਵਨਾਤਮਕ ਸੰਜਮ ਦੀ ਜ਼ਰੂਰੀ ਹੁੰਦੀ ਹੈ। ਇਨ੍ਹਾਂ ਗੁਣਾਂ ਨੂੰ ਵਿਕਸਤ ਕਰਨ ਦੀ ਜਿੰਮੇਵਾਰੀ ਮਾਪਿਆਂ ਦੀ ਹੁੰਦੀ ਹੈ ਪਰ ਮਾਪਿਆਂ ਦੇ ਸਾਹਮਣੇ ਅਹਿਮ ਸਮੱਸਿਆ ਇਹ ਹੁੰਦੀ ਹੈ ਕਿ ਇਨ੍ਹਾਂ ਗੁਣਾਂ ਨੂੰ ਕਿਸ ਤਰ੍ਹਾਂ ਨਾਲ ਵਿਕਸਤ ਕੀਤਾ ਜਾਵੇ ? ਇਸ ਲੇਖ 'ਚ ਅਸੀਂ ਕੁਝ ਅਜਿਹੀਆਂ ਹੀ ਅਹਿਮ ਗੱਲਾਂ 'ਤੇ ਚਰਚਾ ਕਰਾਂਗੇ ਜਿਨ੍ਹਾਂ ਨੂੰ ਧਿਆਨ 'ਚ ਰੱਖ ਕੇ ਤੁਸੀਂ ਬੱਚੇ ਨੂੰ ਤੇਜ ਬਣਾ ਸਕਦੇ ਹੋਂ।ਮਾਹਿਰਾਂ ਦੇ ਅਨੁਸਾਰ ਬੱਚੇ ਜਨਮ ਤੋਂ ਹੀ ਸਮਾਜਿਕ ਹੁੰਦੇ ਹਨ। ਉਨ੍ਹਾਂ 'ਚ ਕੁਦਰਤੀ ਰੂਪ ਤੋਂ ਹੀ ਸਮਾਜਿਕ ਹੋਣ ਦਾ ਗੁਣ ਹੁੰਦਾ ਹੈ ਇਸਲਈ ਉਨ੍ਹਾਂ ਦਾ ਸਭ ਤੋਂ ਪਹਿਲਾਂ ਸਮਾਜਕ ਲਗਾਅ ਆਪਣੇ ਮਾਤਾ ਪਿਤਾ ਨਾਲ ਹੁੰਦਾ ਹੈ ਜੋ ਉਨ੍ਹਾਂ ਲਈ ਭਾਵਨਾਤਮਕ ਮਾਰਗਦਰਸ਼ਕ ਦਾ ਰੋਲ ਅਦਾ ਕਰਦਾ ਹੈ। ਇਹੋ ਭਾਵਨਾਤਮਕ ਲਗਾਅ ਬੱਚਿਆਂ 'ਚ ਭਾਵਨਾਤਮਕ ਸੰਜ਼ਮ ਅਤੇ ਗੱਲਬਾਤ ਕਰਨ ਦੀ ਕਲਾ ਵਿਕਸਤ ਕਰਦਾ ਹੈ, ਜੋ ਉਨ੍ਹਾਂ ਨੂੰ ਸਮਾਜਿਕ ਬਣਾਉਣ 'ਚ ਮਦਦ ਕਰਦਾ ਹੈ। ਇਸੇ ਲਈ ਇਹ ਸ਼ੁਰੂਆਤ ਜਲਦੀ ਕਰ ਦੇਣੀ ਚਾਹੀਦੀ ਹੈ। ਬੱਚਿਆਂ ਨੂੰ ਅਲੱਗ-ਅਲੱਗ ਤਰ੍ਹਾਂ ਨਾਲ ਖੇਡਾਂ 'ਚ ਸ਼ਾਮਲ ਕਰੋ। ਉਥੇ ਤੁਹਾਡਾ ਬੱਚਾ ਆਪਣੇ ਹਮਉਮਰ ਬੱਚਿਆਂ ਦੇ ਨਾਲ ਅਰਾਮਦਾਇਕ ਮਹਿਸੂਸ ਕਰੇਗਾ। ਇਹਨਾਂ ਖੇਡਾਂ ਦੇ ਜ਼ਰੀਏ ਬੱਚਾ ਦੂਜੇ ਬੱਚਿਆਂ ਦੇ ਨਾਲ ਜੁੜੇਗਾ। ਇਸ ਦੌਰਾਨ ਉਹ ਆਪਣੇ ਆਪ ਨੂੰ ਅਜ਼ਾਦ ਮਹਿਸੂਸ ਕਰੇਗਾ ਜਿਸ ਕਰਕੇ ਬੱਚੇ ਦਾ ਸਮਾਜਿਕ ਵਿਕਾਸ ਤੇਜੀ ਨਾਲ ਹੋਵੇਗਾ।ਬੱਚਿਆਂ ਨੂੰ ਖਿਡੌਣਿਆਂ 'ਚ ਵਿਅਸਤ ਰੱਖਣ ਦੀ ਥਾਂ ਬਾਹਰ ਖੇਡਾਂ ਖੇਡਣ ਦੇ ਲਈ ਪ੍ਰੇਰਿਤ ਕਰੋ। ਬਾਹਰੀ ਖੇਡਾਂ ਖੇਡਦੇ ਹੋਏ ਉਹ ਹੋਰ ਬੱਚਿਆਂ ਦੇ ਸੰਪਰਕ 'ਚ ਆਵੇਗਾ ਅਤੇ ਨਵੀਆਂ ਨਵੀਆਂ ਗੱਲਾਂ ਸਿੱਖੇਗਾ ਅਤੇ ਉਸਦੇ ਮਾਨਸਿਕ ਵਿਕਾਸ 'ਚ ਵੀ ਵਾਧਾ ਹੋਵੇਗਾ। ਖੇਡਾਂ ਦੇ ਦੌਰਾਨ ਆਪਣੇ ਬੱਚੇ ਨੂੰ ਖਿਡੌਣੇ ਜਾਂ ਖਾਣ ਦੀ ਚੀਜਾਂ ਵੰਡ ਕੇ ਇਸਤਮਾਲ ਕਰਨ ਨੂੰ ਕਹੋ।ਉਸ ਨੂੰ ਸਾਂਝਾ ਕਰਨ ਦਾ ਮਹੱਤਵ ਸਮਝਾਓ। ਬੱਚਿਆਂ 'ਤੇ ਹੋਈਆਂ ਬਹੁਤ ਸਾਰੀਆਂ ਸੋਧਾਂ 'ਚ ਇਹ ਗੱਲ ਸਾਬਤ ਹੋਈ ਹੈ ਕਿ ਜੋ ਮਾਪੇ ਆਪਣੇ ਬੱਚਿਆਂ ਦੇ ਨਾਲ ਬਹੁਤ ਜਿਆਦਾ ਗੱਲਬਾਤ ਜਾਂ ਵਿਚਾਰ ਸਾਂਝੇ ਕਰਦੇ ਹਨ ਉਨ੍ਹਾਂ ਬੱਚਿਆਂ ਦਾ ਸਮਾਜਿਕ ਵਿਕਾਸ ਤੇਜੀ ਨਾਲ ਹੁੰਦਾ ਹੈ। ਸਮੇਂ ਦੇ ਨਾਲ ਨਾਲ ਉਨ੍ਹਾਂ ਬੱਚਿਆਂ 'ਚ ਬਿਹਤਰ ਤਰੀਕੇ ਨਾਲ ਗੱਲਬਾਤ ਕਰਨ ਦੀ ਕਲਾ ਵੀ ਵਿਕਸਤ ਹੁੰਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਨਾਲ ਹਮੇਸ਼ਾ ਅੱਖ 'ਚ ਅੱਖ ਪਾਕੇ ਗੱਲਬਾਤ ਕਰਨ। ਜਦੋਂ ਵੀ ਬੱਚੇ ਦੂਜੇ ਲੋਕਾਂ ਨਾਲ ਗੱਲਬਾਤ ਕਰਨ ਤਾਂ ਉਨ੍ਹਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣੋ।ਸਭ ਤੋਂ ਪਹਿਲਾ ਅਤੇ ਅਹਿਮ ਕੰਮ ਹੈ ਕਿ ਬੱਚਿਆਂ 'ਚ ਨਕਰਾਮਕਤਾ ਹਾਵੀ ਨਾ ਹੋਣ ਦਿਓ।ਬੱਚਿਆਂ ਦੇ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦੇ ਵਿਚਾਰਾਂ ਅਤੇ ਇੱਛਾ ਨੂੰ ਜਾਣਨ ਦੀ ਕੋਸ਼ਿਸ਼ ਕਰੋ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰੋ। ਅਲੱੜ੍ਹ ਉਮਰ ਦੇ ਬੱਚਿਆਂ 'ਤੇ ਨਜਰ ਜ਼ਰੂਰ ਰੱਖਣੀ ਚਾਹੀਦੀ ਹੈ ਪਰ ਹਰ ਵਕਤ ਉਨ੍ਹਾਂ ਦੇ ਆਲੇਦੁਆਲੇ ਮੰਡਰਾਉਣ ਦੀ ਕੋਸ਼ਿਸ਼ ਨਾ ਕਰੋ। ਬੱਚਿਆਂ ਨੂੰ ਵੀ ਆਪਣੇ ਇਕ ਨਿੱਜੀ ਸਮੇਂ ਦੀ ਜ਼ਰੂਰਤ ਹੁੰਦੀ ਹੈ।ਉਮਰ ਵਧਣ ਦੇ ਨਾਲ ਨਾਲ ਉਨ੍ਹਾਂ 'ਚ ਵੀ ਸਮਝਦਾਰੀ ਆਉਣ ਲੱਗਦੀ ਹੈ।ਜਿਆਦਾ ਰੋਕ ਟੋਕ ਕਰਨ ਦੀ ਥਾਂ ਉਨ੍ਹਾਂ ਨੂੰ ਆਪਣੇ ਫੈਸਲੇ ਲੈਣ ਦਿਓ, ਸਗੋਂ ਫੈਸਲੇ ਲੈਣ 'ਚ ਉਨ੍ਹਾਂ ਦੀ ਮਦਦ ਵੀ ਕਰੋ। ਜੋ ਮਾਪੇ ਹਰ ਵਕਤ ਆਪਣੇ ਬੱਚਿਆਂ ਦੇ ਆਲੇ ਦੁਆਲੇ ਮੰਡਰਾਉਂਦੇ ਰਹਿੰਦੇ ਹਨ ਉਹ ਆਪਣੇ ਬੱਚਿਆਂ 'ਚ ਸਮਾਜਿਕ ਹੁਨਰ ਵਿਕਸਤ ਨਹੀਂ ਹੋਣ ਦਿੰਦੇ। ਜਿਨ੍ਹਾਂ ਮਾਪਿਆਂ ਦੇ ਪਾਲਣ-ਪੋਸ਼ਣ ਦੀ ਸ਼ੈਲੀ 'ਚ ਬੱਚਿਆਂ 'ਤੇ ਕੰਟਰੋਲ ਜਿਆਦਾ ਪਰ ਪਿਆਰ ਘੱਟ ਹੁੰਦਾ ਹੈ, ਉਨ੍ਹਾਂ ਦੇ ਬੱਚੇ ਜਿਆਦਾ ਸਮਾਜਿਕ ਨਹੀਂ ਹੁੰਦੇ।ਅਧਿਅਨਾਂ ਨੇ ਸਿੱਧ ਕੀਤਾ ਹੈ ਕਿ ਬੱਚਿਆਂ 'ਤੇ ਦਬਦਬਾ ਰੱਖਣ ਵਾਲੇ ਮਾਪਿਆਂ ਦੇ ਬੱਚੇ ਅੰਤਰਮੁਖੀ ਹੁੰਦੇ ਹਨ ਅਤੇ ਉਨ੍ਹਾਂ ਦੇ ਬਹੁਤ ਘੱਟ ਦੋਸਤ ਹੁੰਦੇ ਹਨ। ਅਜਿਹੇ ਮਾਪੇ ਆਪਣੇ ਬੱਚਿਆਂ ਨੂੰ ਆਪਸੀ ਗੱਲਬਾਤ ਕਰਨ ਤੋਂ ਨਿਰਾਸ਼ ਕਰਦੇ ਹਨ। ਸਮੇਂ ਦੇ ਨਾਲ ਅਜਿਹੇ ਬੱਚੇ ਅਨੁਸ਼ਾਸਨਹੀਣ, ਬਾਗੀ ਅਤੇ ਵਧੇਰੇ ਹਮਲਾਵਰ ਬਣ ਜਾਂਦੇ ਹਨ। ਸਮੇਂ ਸਿਰ ਬੱਚਿਆਂ ਦੇ ਦੋਸਤਾਂ ਬਾਰੇ ਪੂਰੀ ਜਾਣਕਾਰੀ ਰੱਖੋ ਤਾਂ ਕਿ ਉਹ ਗਲਤ ਸੰਗਤ ਦੇ ਸ਼ਿਕਾਰ ਨਾ ਹੋ ਸਕਣ।ਬੱਚਿਆਂ ਵਿਚ ਬਾਹਰਲੇ ਲੋਕਾਂ ਨੂੰ ਸਮਝਣ ਦੀ ਕਲਾ ਵਿਕਸਤ ਕਰੋ ਤਾਂਕਿ ਉਹ ਧੋਖੇਬਾਜੀ ਦੇ ਸ਼ਿਕਾਰ ਹੋਣ ਤੋਂ ਬਚ ਸਕਣ।



**ਹਰਪ੍ਰੀਤ ਸਿੰਘ ਬਰਾੜ**
**ਸਿਹਤ ,ਸਿੱਖਿਆ ਅਤੇ ਸਮਾਜਿਕ ਲੇਖਕ**
**ਮੇਨ ਏਅਰ ਫੋਰਸ ਰੋਡ ,ਬਠਿੰਡਾ**

# ਉਮਰ ਤੋਂ ਪਹਿਲਾਂ ਉਮਰ ਲੰਘ ਜਾਣ ਦਾ ਡਰ

ਪਿਛਲੇ ਦਿਨੀਂ ਮਹਾਰਾਸ਼ਟਰ ਦੀ ਔਰੰਗਾਬਾਦ ਡਿਵੀਜਨ 'ਚ ਪੈਂਦੇ ਬੀਡ ਜ਼ਿਲੇ ਦੀ ਇੱਕ ਬਹੁਤ ਹੈਰਤ ਭਰੀ ਅਤੇ ਰੌਂਗਟੇ ਖੜੇ ਕਰਨ ਵਾਲੀ ਰਿਪੋਰਟ ਦੇਖਣ ਨੂੰ ਮਿਲੀ। ਇਸ ਤੋਂ ਪਹਿਲਾਂ ਦੱਸ ਦੇਈਏ ਕਿ 2011 ਦੀ ਜਣਗਣਨਾ ਅਨੁਸਾਰ ਮੁੰਬਈ ਤੋਂ ਕਰੀਬ 450 ਕਿੱਲੋਮੀਟਰ ਦੂਰੀ 'ਤੇ ਸਥਿਤ ਬੀਡ ਜ਼ਿਲੇ ਦੀ ਕੁੱਲ ਆਬਾਦੀ 2585049 ਹੈ ਅਤੇ ਇਥੋਂ ਦੀ ਪੜੇ ਲਿਖੇ ਲੋਕਾਂ ਦੀ ਗਿਣਤੀ (ਲਿਟਰੇਸੀ ਰੇਟ) 68 ਫੀਸਦੀ ਹੈ। ਇਥੇ 1000 ਮਰਦਾਂ ਪਿੱਛੇ 936 ਔਰਤਾਂ ਹਨ। ਖੇਤੀਬਾੜੀ ਇਥੋਂ ਦਾ ਮੁੱਖ ਧੰਦਾ ਹੈ ਜਿੱਥੇ ਸਿੰਜ਼ਾਈ ਲਈ ਜਿਆਦਾਤਰ ਖੇਤਰਾਂ 'ਚ ਬਰਸਾਤਾਂ 'ਤੇ ਨਿਰਭਰ ਕਰਨਾ ਪੈਂਦਾ ਹੈ। ਬੀਡ ਜ਼ਿਲੇ 'ਚ ਹੋਰ ਫਸਲਾਂ ਤੋਂ ਇਲਾਵਾ ਜਿਆਦਾਤਰ ਗੰਨਾ ਬੀਜਿਆ ਜਾਂਦਾ ਹੈ।

ਇਥੇ ਮਰਦਾਂ ਦੇ ਨਾਲ-ਨਾਲ ਜਾਂ ਕਹਿ ਲਈਏ ਕਿ ਉਨਾਂ ਕੋਲ ਔਰਤਾਂ ਵੀ ਮਜ਼ਦੂਰੀ ਕਰਦੀਆਂ ਹਨ। ਉਨਾਂ ਲਈ 2 ਵਕਤ ਦੀ ਰੋਟੀ ਹੀ ਜਿਊਣ ਦਾ ਮਕਸਦ ਹੈ ਜਾਂ ਮਜ਼ਬੂਰੀ ਹੈ, ਕਿਉਂਕਿ ਢਿੱਡ ਤਾਂ ਹਰੇਕ ਨੇ ਭਰਨਾ ਹੀ ਹੈ। ਸਮਾਜ ਵੱਲੋਂ ਬੰਦਿਸ਼ਾਂ ਰੂਪੀ ਕੰਡਿਆਲੀਆਂ ਤਾਰਾਂ ਨੂੰ ਦੰਦਾਂ ਨਾਲ ਕੱਟਣ ਦਾ ਸਫ਼ਰ ਔਰਤ ਦੇ ਬਚਪਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਸਰਕਾਰਾਂ ਵੱਲੋਂ ਰੋਕਾਂ ਦੇ ਬਾਵਜੂਦ ਨਿੱਜੀ ਖੇਤਰ 'ਚ ਸੋਸ਼ਣ ਤਾਂ ਹਰ ਥਾਂ ਹੀ ਹੁੰਦਾ ਹੈ ਪਰ ਇਥੇ ਔਰਤਾਂ 'ਤੇ ਹੋ ਰਿਹਾ ਸੋਸ਼ਣ ਸਭ ਹੱਦ ਬੰਨੇ ਪਾਰ ਕਰ ਗਿਆ ਹੈ, ਜਿਸ ਬਾਰੇ ਮਾੜੀ ਮੋਟੀ ਜ਼ਮੀਰ ਜਾਗਦਾ ਇੰਨਸਾਨ ਤਾਂ ਸੋਚ ਵੀ ਨਹੀਂ ਸਕਦਾ। ਹੁਣ ਗੱਲ ਕਰਦੇ ਹਾਂ ਉਸ ਰਿਪੋਰਟ ਦੀ, ਸੋਸ਼ਲ ਮੀਡੀਆ 'ਤੇ 'ਵੇਦਾਂਤ ਸ਼ਬਦ' ਪੇਜ਼ ਉਤੇ 'ਦਾ ਨੇਕਡ ਗਾਡ' ਨਾਮਕ ਇੱਕ ਪੋਸਟ ਪਾਈ ਗਈ ਹੈ। ਅੰਕੜਿਆਂ ਅਨੁਸਾਰ ਬੀਡ ਜ਼ਿਲੇ 'ਚ ਖਾਸਕਰ ਇਥੋਂ ਦੇ ਪੇਂਡੂ ਖੇਤਰਾਂ 'ਚ ਔਰਤਾਂ ਗੰਨੇ ਦੇ ਖੇਤਾਂ ਵਿੱਚ ਕੰਮ ਕਰਦੀਆਂ ਹਨ। ਇਨਾਂ ਔਰਤਾਂ ਦੀ 20-30 ਸਾਲ ਦੀ ਉਮਰ ਵਿੱਚ ਬੱਚੇਦਾਨੀ ਕੱਢ ਦਿੱਤੀ ਜਾਂਦੀ ਹੈ। ਪਰ ਅਜਿਹਾ ਕਿਉਂ, ਕਾਰਨ ਵੀ ਜਾਣ ਲੈਂਦੇ ਹਾਂ। ਉਨਾਂ ਦੇ ਆਪਣੇ ਵੱਖ-ਵੱਖ ਕਾਰਨ ਹਨ। ਆਪਣੀ ਸਮਰੱਥਾ ਤੋਂ ਕਈ ਗੁਣਾਂ ਵੱਧ ਭਾਰ ਚੁਕਣ ਕਾਰਨ ਉਨਾਂ ਦੇ ਢਿੱਡੀਂ ਦਰਦ ਸ਼ੁਰੂ ਹੋ ਜਾਂਦੇ ਹਨ। ਪੇਟ ਦੇ ਇਹ ਦਰਦ ਵੱਧਦੇ ਜਾਂਦੇ ਹਨ ਤੇ ਉਹ ਮਜ਼ਦੂਰ ਔਰਤਾਂ ਆਪਣਾ ਉਹੀ ਪੇਟ ਭਰਨ ਲਈ ਦਰਦ ਨਿਵਾਰਕ ਗੋਲੀਆਂ ਖਾ ਕੇ ਡੰਗ ਟਪਾਉਂਦੀਆਂ ਹਨ। ਜਦੋਂ ਦਰਦ ਅਸਹਿ ਹੋ ਜਾਂਦੇ ਹਨ ਤਾਂ ਡਾਕਟਰ ਅਪਰੇਸ਼ਨ ਕਰਕੇ ਬੱਚੇਦਾਨੀ ਕੱਢ ਦਿੰਦੇ ਹਨ।

ਔਰਤਾਂ ਦੀ ਕੁਦਰਤੀ ਪ੍ਰਕਿਰਿਆ ਮਹਾਂਵਾਰੀ (ਪੀਰੀਅਡਸ) ਦੌਰਾਨ ਛੁੱਟੀ ਲੈਣ 'ਤੇ ਉਨਾਂ ਦੀ ਮਜ਼ਦੂਰੀ ਦੇ ਪੈਸੇ ਕੱਟੇ ਜਾਂਦੇ ਹਨ। ਹਰ ਮਹੀਨੇ 4-5 ਦਿਨਾਂ ਲਈ ਉਨਾਂ ਨੂੰ ਇਹ ਘਾਟਾ ਝੱਲਣਾ ਪੈਂਦਾ ਹੈ। ਇਸ ਤੋਂ ਇਲਾਵਾ ਮਜਬੂਰੀ ਵੱਸ ਉਨਾਂ ਨੂੰ ਮਜਦੂਰੀ ਕਰਨ ਲਈ ਦੂਜੇ ਖੇਤਰਾਂ ਜਾਂ ਨੇੜਲੇ ਸੂਬਿਆਂ 'ਚ ਵੀ ਜਾਣਾ ਪੈਂਦਾ ਹੈ, ਜਿੱਥੇ ਛੇੜਛਾੜ ਅਤੇ ਬਲਾਤਕਾਰ ਵਰਗੀਆਂ ਗੰਭੀਰ ਘਟਨਾਵਾਂ ਦਾ ਵਰਤਾਰਾ ਆਮ ਗੱਲ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਅਜਿਹੀਆਂ ਔਰਤਾਂ ਨੇ ਖੁਦ ਹੀ ਆਪਣੀ ਬੱਚੇਦਾਨੀ ਨੂੰ ਕਢਵਾਉਣਾ ਸੁਰੂ ਕਰ ਦਿੱਤਾ। ਸੂਬੇ ਦੇ ਬੀਡ ਜ਼ਿਲੇ ਦੇ ਕਈ ਇਲਾਕੇ ਹੁਣ ਕੁੱਖ ਤੋਂ ਸੱਖਣੀਆਂ ਔਰਤਾਂ ਵਾਲੇ ਪਿੰਡ ਕਹੇ ਜਾਂਦੇ ਹਨ। ਸਾਲ 2016 ਤੋਂ ਹੁਣ ਤੱਕ ਇਸ ਤਰਾਂ ਕਰੀਬ 4000 ਤੋਂ ਵੱਧ ਔਰਤਾਂ ਦੀ ਬੱਚੇਦਾਨੀ ਕੱਢੀ ਜਾ ਚੁੱਕੀ ਹੈ।

ਇੱਕ ਮਜ਼ਦੂਰ ਔਰਤ ਅਨੁਸਾਰ ਜਦੋਂ ਉਸਦਾ ਵਿਆਹ ਹੋਇਆ ਤਦ ਉਹ 14 ਸਾਲ ਦੀ ਸੀ। ਵਿਆਹ ਉਪਰੰਤ ਗੰਨਾ ਵੱਢਣ ਲਈ ਆਪਣੇ ਪਤੀ ਨਾਲ ਦੱਖਣ ਵੱਲ ਜਾਣਾ ਪਿਆ। ਉਥੇ ਖਾਲੀ ਖੇਤ ਵਿੱਚ ਟੀਨ ਦੀ ਝੌਂਪੜੀ ਸੀ, ਜਿਥੇ ਦਰਵਾਜੇ ਦਾ ਕੰਮ ਸਾੜੀ ਦਾ ਪਰਦਾ ਹੀ ਕਰਦਾ ਸੀ। ਠੇਕੇਦਾਰ ਉਜਾੜ ਦੇਖ ਅਕਸਰ ਕਮਰੇ 'ਚ ਆਉਂਦਾ ਤੇ ਉਨਾਂ ਨੂੰ ਨੋਚ ਕੇ ਚਲਾ ਜਾਂਦਾ ਸੀ। ਪੇਟ ਦੀ ਭੁੱਖ ਕਾਰਨ ਉਹ ਕੁਝ ਵੀ ਨਹੀਂ ਕਰ ਸਕਦੀਆਂ ਸਨ। ਹੋਰ ਤਾਂ ਹੋਰ, ਉਹ ਦਿਲੋਂ ਰੋ ਵੀ ਨਹੀਂ ਸੀ ਸਕਦੀਆਂ, ਕਿਉਂਕਿ ਭੁੱਖੇ ਢਿੱਡਾਂ ਦਾ ਡਰ ਅਕਸਰ ਜੁਬਾਨ ਨੂੰ ਵੱਢ ਦਿੰਦਾ ਹੈ।



**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ**
**ਮੋਬਾਈਲ ਨੰ: 9888940211**

ਇੱਕ ਦਿਨ ਉਹ ਪੇਟ ਤੋਂ ਹੋ ਗਈ। ਸੱਤਵਾਂ ਮਹੀਨਾ ਚੱਲ ਰਿਹਾ ਸੀ, ਜਦੋਂ ਉਸਨੂੰ ਪਿੰਡ ਪਰਤਣ ਦਾ ਅਹਿਸਾਸ ਹੋਇਆ। ਉਸਦੇ ਪਤੀ ਨੇ ਠੇਕੇਦਾਰ ਨਾਲ ਗੱਲ ਕੀਤੀ ਤਾਂ ਉਸ ਨੇ ਸਾਫ ਇਨਕਾਰ ਕਰ ਦਿੱਤਾ। ਕਹਿੰਦਾ ਪਹਿਲਾਂ ਕੰਮ ਕਰੋ, ਫਿਰ ਪਿੰਡ ਜਾਣ ਦੀ ਗੱਲ ਕਰਨਾ। ਉਸਦੇ ਪਤੀ ਨੇ ਜਿੰਨੀਆਂ ਮਿੰਨਤਾਂ ਕੀਤੀਆਂ, ਠੇਕੇਦਾਰ ਓਨਾ ਹੀ ਹੰਕਾਰ ਨਾਲ ਬੋਲਦਾ ਗਿਆ। ਉਸਨੂੰ ਗਰਭਵਤੀ ਹਾਲਤ 'ਚ ਕੁਟਿਆ ਵੀ, ਪਰ ਉਹ ਕੁਝ ਨਹੀਂ ਕਰ ਸਕੇ, ਉਥੇ ਹੀ ਰਹਿਣਾ ਪਿਆ। ਉਤੋਂ ਕਹਿੰਦਾ ਜੇ ਵਾਪਸ ਚਲੇ ਗਏ ਤਾਂ ਕੀ ਖਾਓਗੇ ? ਪਿੰਡ ਵਿੱਚ ਨਾ ਤਾਂ ਕੋਈ ਖੇਤ ਹੈ ਅਤੇ ਨਾ ਹੀ ਕੋਈ ਫੈਕਟਰੀ। 8ਵਾਂ ਮਹੀਨਾ ਲੱਗੇ ਹੋਣ 'ਤੇ ਵੀ ਰੋਜਾਨਾ 3000 ਕਿਲੋ ਗੰਨਾ ਟਰੱਕ ਵਿੱਚ ਲੱਦਣਾ ਪੈਂਦਾ ਸੀ। ਕੱਚੀ ਲੱਕੜ ਦੀ ਪੌੜੀ 'ਤੇ ਚੜਦਿਆਂ ਪੈਰਾਂ ਨਾਲੋਂ ਜਿਆਦਾ ਦਿਲ ਕੰਬਦਾ ਸੀ। ਉਹ ਦੱਸਦੀ ਹੈ ਕਿ ਹੁਣ ਸਾਰੀ ਪਰੇਸ਼ਾਨੀ ਖਤਮ ਹੋ ਗਈ ਹੈ। 30 ਸਾਲ ਦੀ ਉਮਰ ਵਿੱਚ ਬੱਚੇਦਾਨੀ ਕਢਵਾ ਦਿੱਤੀ ਗਈ ਸੀ। ਹੁਣ ਕੋਈ ਮਾਹਵਾਰੀ ਨਹੀਂ ਹੋਵੇਗੀ। ਕੋਈ ਛੁੱਟੀ ਨਹੀਂ ਲੈਣੀ ਪਵੇਗੀ ਅਤੇ ਨਾ ਹੀ ਬੱਚਾ ਹੋਣ ਦਾ ਡਰ ਹੋਵੇਗਾ।

ਬੀਡ ਜ਼ਿਲੇ ਦੀ ਕੈਜ਼ ਤਹਿਸੀਲ ਦੇ ਸ਼ਿੰਦੀ ਪਿੰਡ ਦੀ ਇੱਕ ਮਜ਼ਦੂਰ ਔਰਤ ਇੱਕ ਦਿਨ ਟਰੱਕ 'ਤੇ ਗੰਨਾ ਭਰਨ ਦੌਰਾਨ ਲੱਕੜ ਦੀ ਪੌੜੀ ਤੋਂ ਹੇਠਾਂ ਡਿੱਗ ਗਈ, ਜਿਸਨੂੰ ਪੇਟ 'ਚ ਬਹੁਤ ਸੱਟਾਂ ਲੱਗੀਆਂ। ਹਸਪਤਾਲ ਲਿਜਾਣ 'ਤੇ ਡਾਕਟਰ ਨੇ ਦੱਸਿਆ ਕਿ ਪੌੜੀ ਤੋਂ ਡਿੱਗਣ ਕਾਰਨ ਉਸਦੀ ਬੱਚੇਦਾਨੀ ਨੁਕਸਾਨੀ ਗਈ ਹੈ, ਜਿਸਨੂੰ ਹੁਣ ਕਢਵਾਉਣਾ ਪਵੇਗਾ। ਭਵਿੱਖ 'ਚ ਉਹ ਬੋਝ ਭਾਰ ਵਾਲਾ ਕੰਮ ਕਰਨ ਤੋਂ ਵੀ ਅਸਮਰਥ ਰਹੇਗੀ।

ਕੈਜ਼ ਤਹਿਸੀਲ 'ਚ ਹੀ ਪੈਂਦੇ ਪਿੰਡ ਮਸਾਜੋਗ ਦੀ ਇੱਕ ਔਰਤ ਗੰਨੇ ਦੀ ਕਟਾਈ ਦਾ ਕੰਮ ਕਰਦੀ ਸੀ ਤੇ ਉਸਦਾ ਪਤੀ ਗੰਨੇ ਦਾ ਟਰੱਕ ਚਲਾਉਂਦਾ ਸੀ। ਇੱਕ ਦਿਨ ਅਚਾਨਕ ਉਸ ਦੇ ਪਤੀ ਦੀ ਐਕਸੀਡੈਂਟ 'ਚ ਮੌਤ ਹੋ ਗਈ। ਹੁਣ ਪੂਰੇ ਪਰਿਵਾਰ ਦੀ ਜਿੰਮੇਵਾਰੀ ਉਸਦੇ ਮੋਢਿਆਂ 'ਤੇ ਹੈ। ਉਸਨੇ ਆਪਣੀ ਰੋਜਾਨਾ ਦੀ ਨੌਕਰੀ ਜਾਰੀ ਰੱਖੀ, ਪਰ ਅਚਾਨਕ ਉਸਦੇ ਪੇਟ ਵਿੱਚ ਤੇਜ ਦਰਦ ਮਹਿਸੂਸ ਹੋਣ ਲੱਗੇ। ਡਾਕਟਰ ਦੀ ਸਲਾਹ ਅਨੁਸਾਰ ਉਸਦੀ ਬੱਚੇਦਾਨੀ ਕੱਢਣੀ ਪਈ।

10 ਸਾਲਾਂ ਦੀ ਉਮਰ 'ਚ ਵਿਆਹੀ ਤੇ 12 ਦੀ ਉਮਰ ਤੋਂ ਸ਼ੂਗਰ ਫੈਕਟਰੀ 'ਚ ਗੰਨੇ ਦੀ ਕਟਾਈ ਕਰਨ ਵਾਲੀ ਢਾਕੇਫਲ ਪਿੰਡ ਦੀ 2 ਬੱਚਿਆਂ ਦੀ ਮਾਂ ਨੂੰ ਮਹਾਵਾਰੀ ਦੌਰਾਨ ਦਰਦ ਹੋਣ ਲੱਗੇ। ਉਸਨੂੰ ਵੀ ਡਾਕਟਰਾਂ ਨੇ ਬੱਚੇਦਾਨੀ ਕੱਢਵਾਉਣ ਲਈ ਕਿਹਾ। ਅਪਰੇਸ਼ਨ ਲਈ ਉਸਨੂੰ ਆਪਣੀ ਜ਼ਮੀਨ ਵੇਚਣੀ ਪਈ।

ਛਿੰਛੋਲੀ ਪਿੰਡ ਦੀ 16 ਸਾਲ ਦੀ ਉਮਰ 'ਚ ਵਿਆਹੀ ਇੱਕ ਲੜਕੀ 3 ਸਾਲਾਂ 'ਚ 3 ਬੱਚਿਆਂ ਦੀ ਮਾਂ ਬਣੀ। ਮਜ਼ਦੂਰੀ ਕਰਦਿਆਂ ਪੇਟ ਦਰਦ ਸ਼ੁਰੂ ਹੋ ਗਏ। ਡਾਕਟਰਾਂ ਤੋਂ ਇਲਾਜ ਕਰਵਾਉਣ ਦੀ ਬਜਾਏ ਪੇਨਕਿਲਰ ਖਾਂਦੀ ਰਹੀ, ਜਦੋਂ ਦਰਦ ਅਸਹਿ ਹੋ ਗਏ ਤਾਂ 21 ਸਾਲਾਂ ਦੀ ਉਮਰ 'ਚ ਬੱਚੇਦਾਨੀ ਕੱਢਵਾਉਣੀ ਪਈ।

ਕੈਜ਼ ਦੀ ਰਹਿਣ ਵਾਲੀ ਇੱਕ ਹੋਰ ਔਰਤ, ਜਿਸਦਾ 17 ਸਾਲ ਦੀ ਉਮਰੇ ਵਿਆਹ ਹੋਇਆ, ਉਪਰੰਤ ਤਿੰਨੇ ਬੱਚੇ ਸਜ਼ੇਰੀਅਨਾਂ ਰਾਹੀ ਹੋਏ। 22 ਸਾਲਾਂ ਦੀ ਉਮਰ 'ਚ ਉਸਦੀ ਬੱਚੇਦਾਨੀ ਕੱਢਣੀ ਪਈ। ਸਰਵੇ ਅਨੁਸਾਰ ਉਨਾਂ ਦੇ ਪਰਿਵਾਰਾਂ ਵੱਲੋਂ ਸਹਿਯੋਗ ਦੀ ਥਾਂ ਅਪਰੇਸ਼ਨ ਤੋਂ ਤੁਰੰਤ ਬਾਅਦ ਕੰਮ ਕਰਨ ਲਈ ਦਬਾਅ ਪਾਇਆ ਜਾਂਦਾ ਹੈ, ਤਾਂ ਜੋ ਇਲਾਜ਼ 'ਤੇ ਲੱਗੇ ਪੈਸੇ ਦੀ ਜਲਦ ਪੂਰਤੀ ਕੀਤੀ ਜਾ ਸਕੇ। ਛੋਟੀ ਉਮਰ 'ਚ ਵਿਆਹ ਹੋ ਜਾਣਾ ਤੇ ਮਾਂ ਬਣਨਾ, ਹੱਦੋਂ ਵੱਧ ਸਰੀਰਕ ਕੰਮ ਕਰਨਾ, ਜਾਗਰੂਕਤਾ ਦੀ ਘਾਟ ਤੇ ਅਨਪੜਤਾ ਇਨਾਂ ਦੇ ਮੁੱਖ ਕਾਰਨ ਹਨ। ਔਰਤਾਂ ਵਿਰੁੱਧ ਹਿੰਸਾ ਅਤੇ ਬਚਾਅ ਲਈ ਹੋਰ ਸੰਘਰਸ਼ ਉਨਾਂ ਨੂੰ ਭੀਖ ਮੰਗਣ ਤੋਂ ਇਲਾਵਾ ਵੇਸਵਾਪੁਣੇ ਵੱਲ ਜਾਣ ਲਈ ਵੀ ਮਜਬੂਰ ਕਰਦਾ ਹੈ। ਮੁਤੱਸਬੀ ਦੰਗੇ ਦਿੱਲੀ ਦੇ ਹੋਣ ਜਾਂ ਗੁਜਰਾਤ ਦੇ, ਕਸ਼ਮੀਰ ਦੀ ਲੜਾਈ ਹੋਵੇ, ਅਫ਼ਗਾਨ ਦੀ, ਰੂਸ ਦੀ ਜਾਂ ਯੂਕਰੇਨ ਦੀ, ਅਮਰੀਕਾ ਦੀ, ਈਰਾਨ ਜਾਂ ਪਾਕਿਸਤਾਨ ਦੀ, ਭਾਰਤ ਜਾਂ ਚੀਨ ਦੀ, ਬਾਹਰੀ ਹਮਲੇ ਦੇ ਨਾਲ ਇੱਕ ਅੰਦਰੂਨੀ ਹਮਲਾ ਵੀ ਹੁੰਦਾ ਹੈ, ਜੋ ਸਭ ਤੋਂ ਪਹਿਲਾਂ ਔਰਤਾਂ ਦੀ ਆਬਰੂ 'ਤੇ ਹੁੰਦਾ ਹੈ। ਬੰਬਾਂ, ਰਫ਼ਲਾਂ, ਬੰਦੂਕਾਂ, ਤੋਪਾਂ, ਗੋਲਿਆਂ ਦੇ ਨਾਲ-ਨਾਲ ਲਿੰਗਾਂ ਦਾ ਵੀ ਵਾਰ ਚੱਲਦਾ ਹੈ। ਔਰਤਾਂ ਦਾ ਬਦਨ ਲੜਾਈ ਦਾ ਮੈਦਾਨ ਬਣਦਾ ਹੈ, ਜਿੱਥੇ ਇੱਕ-ਪਾਸੜ ਲੜਾਈ ਹੁੰਦੀ ਹੈ। ਦੇਸ਼ ਦੀਆਂ ਸਰਹੱਦਾਂ 'ਤੇ ਰਾਖੀ ਕਰਦੇ ਫ਼ੌਜੀਆਂ ਦੀ ਰੱਤ ਡੁੱਲਦੀ ਹੈ ਤੇ ਔਰਤਾਂ ਦੀ ਇੱਜਤ ਪੱਤ ਰੁਲਦੀ ਹੈ, ਜਿੱਥੇ ਲੁੱਟ ਦੇ ਮਾਲ ਦੇ ਨਾਲ ਔਰਤ ਵੀ ਲੁੱਟੀ ਜਾਂਦੀ ਹੈ।

ਸਮਾਜ ਸੇਵੀ ਮਨੀਸ਼ਾ ਸੀਤਾਰਾਮ ਘੁਲੇ ਤੇ ਉਸਦੀ ਸਮੁੱਚੀ ਟੀਮ ਅਜਿਹੀਆਂ ਔਰਤਾਂ ਨੂੰ ਆਤਮਨਿਰਭਰ ਬਣਾਉਣ ਲਈ ਵੱਡੇ ਪੱਧਰ 'ਤੇ ਕੰਮ ਕਰ ਰਹੀ ਹੈ। ਉਹ ਕਹਿੰਦੀ ਹੈ ਕਿ ਗੰਨੇ ਦੇ ਖੇਤਾਂ ਵਿੱਚ ਕੰਮ ਕਰਦੇ ਸਮੇਂ ਕਈ ਔਰਤਾਂ ਨਾਲ ਕਈ ਵਾਰ ਬਲਾਤਕਾਰ ਹੁੰਦਾ ਹੈ ਪਰ ਉਹ ਆਪਣੇ ਪਤੀ ਨੂੰ ਦੱਸ ਵੀ ਨਹੀਂ ਸਕਦੀਆਂ। ਉਨਾਂ ਨੂੰ ਡਰ ਹੁੰਦਾ ਹੈ ਕਿ ਹੈ ਿਕ ਉਸ ਦਾ ਪਤੀ ਉਸ 'ਤੇ ਦੋਸ਼ ਲਗਾਏਗਾ। ਕਈਆਂ ਨਾਲ ਅਜਿਹਾ ਹੀ ਹੋਇਆ ਹੈ। ਇਸਲਈ ਉਹ ਔਰਤਾਂ ਚੁੱਪ ਰਹਿੰਦੀਆਂ ਹਨ। ਬੱਚੇਦਾਨੀ ਨੂੰ ਕੱਢਣ ਦਾ ਇਹ ਵੀ ਇੱਕ ਵੱਡਾ ਕਾਰਨ ਹੈ। ਬੱਚਾ ਹੋਣ ਦਾ ਡਰ ਖਤਮ ਹੋ ਜਾਂਦਾ ਹੈ ਤੇ ਪੀਰੀਅਡਸ ਦੀ ਪਰੇਸ਼ਾਨੀ ਦੂਰ ਹੋ ਜਾਂਦੀ ਹੈ। ਪਰ ਇਹ ਇੱਕ ਵੱਖਰੀ ਗੱਲ ਹੈ ਕਿ ਇਸ ਉਪਰੰਤ ਇੱਕ ਨਵਾਂ ਦਰਦ ਸ਼ੁਰੂ ਹੋ ਜਾਂਦਾ ਹੈ - ਉਮਰ ਤੋਂ ਪਹਿਲਾਂ ਉਮਰ ਲੰਘ ਜਾਣ ਦਾ ਡਰ।

# "ਤੂੰ ਬਦਲ ਗਈ ਮਾਸੀ....." ( ਕਹਾਣੀ)

ਅੰਮ੍ਰਿਤਪਾਲ ਕਲੇਰ ਚੀਦਾ
ਸੰਪ.9915780980

ਬਾਪੂ ਨੂੰ ਨਾਮੁਰਾਦ ਬਿਮਾਰੀ ਨੇ ਘੇਰ ਲਿਆ ਸੀ।ਛੇ ਮਹੀਨਿਆਂ ਵਿਚ ਹੀ ਬਾਪੂ ਸੁੱਕ ਕੇ ਤੀਲਾ ਬਣ ਗਿਆ ਸੀ। ਬਹੁਤ ਸਾਰੇ ਡਾਕਟਰਾਂ ਨੂੰ ਦਿਖਾਇਆ ਪਰ ਹਰ ਪਾਸਿਓਂ ਜਵਾਬ ਹੀ ਮਿਲਿਆ।ਅਖੀਰ ਅੱਜ ਬਾਪੂ ਨੇ ਲੰਮੀਆਂ ਤਾਣ ਲਈਆਂ ਸਨ। ਸਕੀਰੀਆਂ ਵਿੱਚ ਫੋਨ ਕੀਤੇ ਜਾ ਰਹੇ ਸਨ। ਮਾਂ ਨੇ ਸੱਥਰ ਉੱਤੇ ਬੈਠੀ ਨੇ ਅਵਾਜ ਦਿੱਤੀ,"ਪੱਖੋਂ ਵੀ ਫੋਨ ਕਰ ਦਿਓ ਤੇਜ ਨੂੰ"। ਤੇਜ ਮਾਸੀ ਤੇ ਬਾਪੂ ਮੇਰੇ ਚੇਤਿਆਂ ਵਿੱਚ ਵਹਿਣ ਲੱਗੇ।

ਬਾਪੂ ਬਹੁਤ ਸ਼ੌਕੀਨ ਸੀ ਪਰ ਥੋੜ੍ਹਾ ਕੱਬੇ ਸੁਭਾਅ ਦਾ ਸੀ। ਮਾਂ ਦੀ ਕੀ ਮਜਾਲ ਸੀ ਕਿ ਘਰੋਂ ਪੈਰ ਬਾਹਰ ਵੀ ਧਰ ਲੈਂਦੀ ,ਪਰ ਮਾਂ ਦੀ ਹਰ ਖਾਹਿਸ ਬਾਪੂ ਨੇ ਪੂਰੀ ਕੀਤੀ ਸੀ। ਬਾਪੂ ਦੀ ਹਰ ਗੱਲ ਮੇਰੇ ਚੇਤਿਆਂ ਵਿੱਚੋਂ ਅੱਖਾਂ ਰਾਹੀਂ ਵਹਿਣ ਲੱਗੀ।

" ਮੈਡਮ, ਮੇਰੀ ਖਾਕੀ ਪੈਂਟ ਤੇ ਮੋਟੇ ਚੈੱਕ ਵਾਲੀ ਨਾਭੀ ਤੇ ਕਰੀਮ ਰੰਗ ਦੀ ਸਰਟ ਪ੍ਰੈੱਸ ਕਰ ਦੇਣਾ"

" ਅੱਜ ਤਾਂ ਐਤਵਾਰ ਆ , ਸਕੂਲ ਤਾਂ ਜਾਣਾ ਨਹੀਂ, "।ਮਾਂ ਨੇ ਹੈਰਾਨਗੀ ਪ੍ਰਗਟ ਕਰਦਿਆਂ ਕਿਹਾ।" ਬਠਿੰਡੇ ਜਾਣਾ ?

"ਨਹੀਂ ਘਰ ਹੀ ਹਾਂ " । ਬਾਪੂ ਨੇ ਮੋੜਵਾਂ ਜਵਾਬ ਦਿੱਤਾ। ਬਾਪੂ ਅਕਸਰ ਮਾਂ ਨੂੰ ਮੈਡਮ ਕਹਿ ਕੇ ਬੁਲਾਉਂਦਾ। ਇੱਕ ਵਾਰ ਮਾਂ ਤੇ ਬਾਪੂ ਨਾਨਕੇ ਗਏ। ਬਾਪੂ ਨੇ ਸੁਭਾਅ ਮੁਤਾਬਿਕ ਮਾਂ ਨੂੰ ਮੈਡਮ ਕਹਿ ਦਿੱਤਾ ਤਾਂ ਨਾਨੀ ਨੇ ਬਹੁਤ ਬੁਰਾ ਮਨਾਇਆ,ਕਿ "ਸਾਊ, ਪਹਿਲਾਂ ਛੱਤੜੇ ਦੀਆਂ ਸਤੀਰੀਆਂ ਬਦਲ, ਫਿਰ ਮਾਡਮ , ਮੂਡਮ ਕਹੀਂ" ।ਨਾਨੀ ਦੀ ਕਹੀ ਗੱਲ ਬਾਪੂ ਦੇ ਤੀਰ ਵਾਂਗ ਲੱਗੀ।

ਬਾਪੂ ਦੀ ਨਾਭੀ ਚੈੱਕ ਵਾਲੀ ਕਮੀਜ ਤੇ ਕਰੀਮ ਪੈਂਟ ਮਨ ਪਸੰਦੀਦਾ ਸੀ।ਖੁਸੀ ਮੌਕੇ ਬਾਪੂ ਅਕਸਰ ਇਹ ਹੀ ਪਹਿਨਦਾ ਸੀ। ਹਰ ਐਤਵਾਰ ਨੂੰ ਬਾਪੂ ਨੇ ਬਠਿੰਡੇ ਜਾਣਾ ਹੁੰਦਾ। ਬਸ ਅੱਡੇ ਤੋਂ ਤੁਰ ਕੇ ਬਜਾਰ ਵਿੱਚ ਦੀ ਹੁੰਦੇ ਹੋਏ, ਧੋਬੀ ਬਜਾਰ ਜਾਣਾ ਤੇ ਫਿਰ ਗਾਂਧੀ ਮਾਰਕੀਟ ਲੰਘ ਕੇ ਪੁਰਾਣੇ ਗੀਤਾਂ ਦੀ ਦੁਕਾਨ ਤੇ ਜਾਣਾ । ਬਾਪੂ ਨੂੰ ਪੁਰਾਣੇ ਗੀਤ ਬਹੁਤ ਪਸੰਦ ਸਨ।ਉੱਥੇ ਦਸ ਮਿੰਟ ਰੁਕ ਕੇ ਪੁਰਾਣੇ ਗਾਣਿਆਂ ਦੇ ਤਵੇ ਜੇ ਪਸੰਦ ਆਉਣੇ ਤਾਂ ਖਰੀਦਣਾ ਨਹੀਂ ਤਾਂ ਫਿਰ ਰੇਲਵੇ ਸਟੇਸਨ ਵੱਲ ਨੂੰ ਹੋ ਤੁਰਨਾ। ਪਹਿਲਾਂ ਸਾਰੇ ਰੇਲਵੇ ਸਟੇਸਨ ਦਾ ਚੱਕਰ ਲਾਉਣਾ, ਫਿਰ ਰੇਲ ਦੀ ਉਡੀਕ ਕਰ ਰਹੀਆਂ ਸਵਾਰੀਆਂ ਨੂੰ ਗਹੁ ਨਾਲ ਤੱਕਣਾ,ਹਰ ਚਿਹਰੇ ਨੂੰ ਅੰਦਰ ਤੱਕ ਪੜ੍ਹਨਾ। ਫਿਰ ਪਲੇਟਫਾਰਮ ਦੀ ਟਿਕਟ ਲੈ ਕੇ ਪਲੇਟਫਾਰਮ ਤੇ ਜਾਣਾ, ਕਿੰਨਾ ਚਿਰ ਆਉਂਦੀਆਂ ਜਾਂਦੀਆਂ ਸਵਾਰੀਆਂ ਨੂੰ ਨਿਹਾਰਨਾ । ਕਣਕਵਾਲ ਨੂੰ ਜਾਣ ਵਾਲੀ ਰੇਲ ਕੋਲ ਜਾਣਾ, ਅਤੇ ਪਥਰਾਈਆਂ ਅੱਖਾਂ ਨਾਲ ਕਿੰਨ੍ਹਾ ਸਮਾਂ ਦੇਖਦੇ ਰਹਿਣਾ। ਕਣਕਵਾਲ ਬਾਪੂ ਦੇ ਨਾਨਕੇ ਸਨ ਤੇ ਬਚਪਨ ਨਾਨਕੇ ਹੀ ਬੀਤਿਆ ਸੀ। ਰੇਲਵੇ ਸਟੇਸਨ ਤੋਂ ਚੱਕਰ ਮਾਰ ਕੇ ਗੋਲਡੱਗੀ ਕੋਲ ਦੀ ਹੁੰਦਿਆਂ ਪੁਰਾਣੇ ਬੱਸ ਅੱਡੇ ਕੋਲ ਆ ਪਿੰਡ ਵਾਲੀ ਬੱਸ ਆ ਚੜ੍ਹਨਾ।

ਮਾਂ ਹੈਰਾਨ ਸੀ ਕਿ "ਅੱਜ ਤਾਂ ਬਠਿੰਡੇ ਵੀ ਨਹੀਂ ਜਾਣਾ ? ਫਿਰ ਅੱਜ ਕਿੱਥੋਂ ਦੀਆਂ ਤਿਆਰੀਆਂ ਕਰੀ ਬੈਠਾ।" ਮਾਂ ਦੀ ਸੋਚ ਕਿਸੇ ਸਾਹਿਤਕ ਸਮਾਗਮ ਵੱਲ ਨੂੰ ਹੋ ਤੁਰਦੀ ,ਕਿ ਹੋ ਸਕਦਾ ਕਿਸੇ ਸਿਰ ਖਪਾਈ ਵਾਲੀ ਜਗ੍ਹਾ ਜਾਣਾ ਹੋਵੇ। ਮਾਂ, ਅਨਪੜ੍ਹ ਹੋਣ ਕਰਕੇ ਬਾਪੂ ਦੇ ਸਾਹਿਤਕ ਸਮਾਗਮਾਂ ਤੇ ਜਾਣ ਨੂੰ ਸਿਰਖਪਾਈ ਤੇ ਵਿਹਲੜਾਂ ਦਾ ਕਿੱਤਾ ਹੀ ਸਮਝਦੀ ਅਤੇ ਕਹਿੰਦੀ ਕਿ" ਅੱਜ ਤੱਕ ਕੀ ਬਦਲਿਆ ? ਮੈਨੂੰ ਤਾਂ ਸਮਝ ਨਹੀਂ ਆਉਂਦੀ ਇਹ ਵਿਹਲੜ ਕੱਠੇ ਹੋ ਕੇ ਐਵੇਂ ਦਿਮਾਗ ਖਰਾਬ ਕਰਦੇ ਨੇ। ਮਹਿੰਗਾਈ ਤਾਂ ਅੱਗੇ ਨਾਲੋਂ ਵੀ ਪਰਾਲੀ ਦੀ ਅੱਗ ਵਾਂਗ ਵਧਦੀ ਹੀ ਜਾਂਦੀ ਆ,ਰੁਕਣ ਦਾ ਨਾਂ ਹੀ ਨਹੀਂ ਲੈਂਦੀ" । ਅੱਜ ਉਸਦੇ ਚੇਤਿਆਂ ਵਿੱਚੋਂ ਵਿਸਰ ਗਿਆ ਸੀ ਕਿ ਪਰਸੋਂ ਪੱਖੋ ਕਲਾਂ ਵਾਲੀ ਤੇਜ ਮਾਸੀ ਦਾ ਫੋਨ ਆਇਆ ਸੀ, ਕਿ ਅੱਜ ਉਸ ਨੇ ਆਉਣਾ ਸੀ। ਜਦੋਂ ਮਾਸੀ ਨੇ ਆਉਣਾ ਹੁੰਦਾ ਬਾਪੂ ਦਾ ਧਰਤੀ ਪੈਰ ਨਾ ਲੱਗਦਾ।ਬਾਪੂ ਤੋਂ ਖੁਸੀ ਸੰਭਾਲੀ ਨਾ ਜਾਂਦੀ। ਸਵੇਰੇ ਹੀ ਨਹਾ ਧੋ ਕੇ ਹਵਾ ਪਿਆਜੀ ਪੱਗ ਬੰਨ੍ਹ, ਨਾਭੀ ਚੈੱਕ ਵਾਲੀ ਕਮੀਜ ਦੇ ਨਾਲ ਘਿਓ ਕਪੂਰੀ ਪੈਂਟ ਪਾ ਤਿਆਰ ਹੋ ਜਾਂਦਾ। ਮਾਸੀ ਦੇ ਆਉਣ ਤੋਂ ਪਹਿਲਾਂ ਸਾਈਕਲ ਚੁੱਕਦਾ ਤੇ ਨਥਾਣੇ ਸਬਜੀ ਅਤੇ ਹੋਰ ਬਿਸਕੁਟ ਤੇ ਖਾਣ ਪੀਣ ਵਾਲਾ ਨਿੱਕ ਸੁੱਕ ਲੈਣ ਚਲਾ ਜਾਂਦਾ। ਮਾਸੀ ਵੀ ਅਕਸਰ ਛੁੱਟੀ ਵਾਲੇ ਦਿਨ ਹੀ ਆਉਂਦੀ । ਤਾਂ ਕਿ ਸਾਰੇ ਘਰੇ ਮਿਲ ਜਾਣ।

ਮਾਸੀ, ਮਾਂ ਦੀ ਸਕੀ ਭੈਣ ਨਹੀਂ ਸੀ, ਬਲਕਿ ਮਾਂ ਦੀ ਅੱਗੇ ਮਾਸੀ ਦੀ ਕੁੜੀ ਸੀ। ਬਾਪੂ ਨੇ ਮਾਸੀ ਦਾ ਰਿਸਤਾ ਆਪਣੀ ਛੋਟੀ ਮਾਸੀ ਦੇ ਮੁੰਡੇ ਨੂੰ ਪੱਖੋਕਲਾਂ ਕਰਾਇਆ ਸੀ। ਮਾਸੀ ਦਾ ਸਾਕ ਕਰਾਉਣਾ ਉਸ ਲਈ ਜੰਗ ਜਿੱਤਣ ਬਰਾਬਰ ਸੀ। ਬਹੁਤ ਅੜਚਣਾਂ ਸੀ ਮਾਸੀ ਦੇ ਸਾਕ ਲਈ। ਬਾਪੂ , ਨਾਨੀ ਨਾਲ ਘੱਟ ਹੀ ਬੋਲਦਾ ਸੀ, ਨਾਨੀ ਵੀ ਕਹਿੰਦੇ ਕਹਾਉਂਦੇ ਨੂੰ ਠਿੱਬੀ ਲਾ ਜਾਂਦੀ ਸੀ ਤੇ ਬਾਪੂ ਵਿੱਚ ਵੀ ਸਿਰੇ ਦਾ ਰੰਘੜਊ ਸੀ,ਨੱਕ ਤੇ ਮੱਖੀ ਬਾਪੂ ਵੀ ਨਹੀਂ ਸੀ ਬਹਿਣ ਦਿੰਦਾ ।ਬਸ ਸਾਰੀ ਉਮਰ ਦੋਨਾਂ ਦੀ ਇਸ ਗੱਲ ਕਰਕੇ ਹੀ ਨਹੀਂ ਸੀ ਬਣੀ। ਗੱਲ ਹੁਣ ਮਾਸੀ ਦੇ ਸਾਕ ਲਈ ਨਾਨੀ ਨੂੰ ਮਨਾਉਣ ਦੀ ਸੀ ਕਿ ਉਹ ਆਪਣੀ ਭੈਣ ਨੂੰ ਰਿਸਤਾ ਕਰਨ ਲਈ ਮਨਾਵੇ। ਬਾਪੂ ਨੇ ਸਾਕ ਲਈ ਮਾਂ ਨੂੰ ਮੋਹਰਾ ਬਣਾਇਆ ਸੀ। ਘੱਟ ਨਾਨੀ ਵੀ ਨਹੀਂ ਸੀ, ਮਾਂ ਨੂੰ ਕਹਿੰਦੀ ,"ਕੁੜੀਏ, ਐਂ ਸਾਕ ਕਿਵੇਂ ਕਰ ਦੇਣ, ਕੀ ਆ ਉਹਨਾਂ ਨੰਗਾਂ ਮਲੰਗਾਂ ਕੋਲ। ਪਹਿਲਾਂ ਤਾਂ ਤੇਰੇ ਪਿਉ ਦੀ ਸਹੇੜ ਹੀ ਠੀਕ ਨਹੀਂ ਆਉਂਦਾ,ਆਕੜ ਸੱਤਾ ਚੂਹੜਿਆਂ ਜਿੰਨੀ" । " ਮਾਂ ਮਾਸੀ ਨਾਲ ਗੱਲ ਤਾਂ ਤੋਰ" । ਮਾਂ ਨੇ ਵਿਚਾਰਾ ਜਿਹਾ ਮੂੰਹ ਬਣਾ ਕੇ ਕਿਹਾ ਸੀ। ਨਾਨੀ , ਮਾਂ ਦੀ ਖੁਸੀ ਲਈ ਅਗਲੇ ਹੀ ਦਿਨ ਜੋਧਪੁਰ ਚੀਮੇ ਜਾ ਧਮਕੀ। ਆਥਣੇ ਗੱਲਾਂ ਬਾਤਾਂ ਕੀਤੀਆਂ। ਨਾਨੀ ਦੀ ਭੈਣ ਵੀ ਭਾਂਪ ਗਈ, ਕਿ ਗੱਲ ਤਾਂ ਕੋਈ ਭੈਣ ਜਰੂਰੀ ਕਰਨ ਆਈ ਆ। ਰਾਤ ਨੂੰ ਗੱਲ ਛੇੜੀ ਲਈ ,"ਅਖੇ ਜੀਤੋ , ਕੁੜੀ ਵਾਸਤੇ ਕੋਈ ਥਾਂ ਥੂੰ ਦੇਖੀ ਆ ?"

"ਨਹੀਂ ਭੈਣੇ, ਇਹਦਾ ਪਿਉ ਕਹਿੰਦਾ ਹਾੜੀਆਂ ਤੋਂ ਪਿੱਛੋਂ ਦੇਖਾਂਗੇ ਕਿਤੇ, ਦੱਸ ਤਾਂ ਬਥੇਰਿਆਂ ਨੇ ਪਾਈ ਆ" ।

"ਆਪਣਾ ਪੂਹਲੇ ਵਾਲਾ ਪ੍ਰਾਹਣਾ ਭਾਈ ਸਾਕ ਮੰਗਦਾ, ਆਵਦੇ ਮਾਸੀ ਦੇ ਮੁੰਡੇ ਨੂੰ ,ਊ ਤਾਂ ਚੰਗਾ ਸੋਹਣਾ ਕੰਮ ਕਰਦਾ ਮੁੰਡਾ, ਪਹਿਲਾਂ ਜਿ?ਮੀਂਦਾਰਾਂ ਦੇ ਸੀਰੀ ਰਲਦਾ ਸੀ,ਹੁਣ ਮਿਸਤਰੀ ਨਾਲ ਦਿਹਾੜੀ ਕਰਦਾ ,ਚੰਗੇ ਦੋ ਕਮਰੇ ਛੱਤੇ ਆ" ।

"ਤੇਜ ਦਾ ਪਿਓ ,ਭੈਣ ਤੇਜ ਦੇ ਸਾਕ ਨੂੰ ਆਈ ਆ" ।

"ਚਾਰ ਮਣ ਦਾਣੇ ਕੱਠੇ ਕਰ ਕੇ ਦੇਖ ਆਵਾਂਗੇ ਮੁੰਡਾ" ।ਮਾਸੀ ਦੇ ਪਿਉ ਨੇ ਨਾਨੀ ਨੂੰ ਕਿਹਾ ਸੀ।

ਭਿਣਕ ਤੇਜ ਮਾਸੀ ਨੂੰ ਵੀ ਪੈ ਗਈ ਕਿ ਵੱਡੀ ਮਾਸੀ ਸਾਕ ਮੰਗਣ ਆਈ ਆ।ਮਾਸੀ ਦੇ ਵੀ ਦਿਲ ਵਿੱਚ ਲੱਡੂ ਭੁਰਨ ਲੱਗੇ। ਬਾਪੂ ਦੇ ਵਿਆਹ ਮੌਕੇ ਤੇਜ ਮਾਸੀ ਨੇ ਹੀ ਬਰਾਤ ਦਾ ਬਾਰ ਰੋਕਿਆ ਸੀ ਅਤੇ ਬਾਪੂ ਨਾਲ ਹਾਸਾ ਮਖੌਲ ਕੀਤਾ ਸੀ। ਮਾਸੀ ,ਬਾਪੂ ਦੀ ਰੂਹ ਦੀ ਦੇਹਲੀ ਟੱਪ ਗਈ ਸੀ ,ਜਦੋਂ ਬਾਰ ਰੁਕਾਈ ਵੇਲੇ ਮਾਸੀ ਨੇ ਬਾਪੂ ਨੂੰ ਸਿੱਠਣੀਆਂ ਦਿੱਤੀਆਂ ਸੀ..

" ਲਾੜ੍ਹਿਆ ਕੱਲਾ ਕਿਉਂ ਆਇਆ ਵੇ ਤੂੰ ਅੱਜ ਦੀ ਘੜੀ,
ਨਾਲ ਭੈਣਾਂ ਨੂੰ ਨਾ ਲਿਆਇਆ ਵੇ ਤੂੰ ਅੱਜ ਦੀ ਘੜੀ।"

ਉਨ੍ਹਾਂ ਵੇਲਿਆਂ ਵਿੱਚ ਬੁੜ੍ਹੀਆਂ ਕੁੜੀਆਂ ਬਰਾਤ ਨਹੀਂ ਸਨ ਜਾਇਆ ਕਰਦੀਆਂ। ਬਾਪੂ ਨੇ ਮਾਸੀ ਨੂੰ ਮਖੌਲ ਵਿੱਚ ਕਿਹਾ ਸੀ ," ਛਮਕ ਛੱਲੋ, ਤਿਆਰ ਰਹੀਂ , ਹੁਣ ਤੈਨੂੰ ਵਿਆਹੁਣ ਆਵਾਂਗੇ ਬਰਾਤੀ ਬਣ ਕੇ" । ਮਾਸੀ, ਸਰਮ ਨਾਲ ਗੁਲਾਬੀ ਜਿਹੀ ਹੋ ਗਈ ਅਤੇ ਉਸ ਨੇ ਚੁੰਨੀ ਦੰਦਾਂ 'ਚ ਦਬਾ ਲਈ ਸੀ। ਬਾਪੂ ਨੇ ਸਰਾਬੀ ਜਿਹਾ ਹਾਸਾ ਹੱਸ ਕੇ ਰੀਬਨ ਕੱਟਿਆ ਸੀ। ਮਾਸੀ ਦਾ ਹਾਸਾ ਸੀ ਅਤੇ ਬਾਪੂ ਦੀ ਰੂਹ, ਦੋਨੋਂ ਇਕਮਿਕ ਹੋ ਗਏ ਸਨ ।ਹੁਣ ਤੇਜ ਮਾਸੀ ਦਾ ਸਾਕ ਬਾਪੂ ਲਈ ਇੱਜਤ ਦਾ ਸਵਾਲ ਬਣ ਗਿਆ ਸੀ। ਨਾਨੀ ਨੇ ਇਸ ਮੌਕੇ ਦਾ ਫਾਇਦਾ ਉਠਾਇਆ ਅਤੇ ਬਾਪੂ ਨੂੰ ਕਿਹਾ,

"ਸਾਊ , ਜਿੱਦੇਂ ਰਲੌਂ ਦਾ ਸਾਕ ਕੀਤਾ ਇਹਦੇ ਪਿਓ ਨੇ , ਕਹਿੰਦੇ ਸੀ,ਚਾਰ ਘੁਮਾਅ ਆਉਂਦੇ ਨੇ ਮੁੰਡੇ ਨੂੰ , ਅਸੀਂ ਤਾਂ ਆਖਿਆ ਬਈ ਚੰਗੀ ਸੋਹਣੀ ਕਬੀਲਦਾਰੀ ਹੋਊਗੀ, ਇਹ ਤਾਂ ਮਗਰੋਂ ਪਤਾ ਲੱਗਿਆ ਕਿ ਬਈ ਛੱਤੜੇ ਹੇਠਾਂ ਵੀ ਲਟੈਣ ਦਿੱਤੀ ਹੋਈ ਆ। ਮੇਰੇ ਪਿਓ ਦੇ ਸਾਲੇ ਵਿਚੋਲੇ ਨੇ ਭਿਣਕ ਨਹੀਂ ਦਿੱਤੀ,ਕੁੜੀ ਡੋਬਤੀ" ।

ਜੀਅ ਤਾਂ ਬਾਪੂ ਦਾ ਵੀ ਕੀਤਾ ਸੀ ਕਿ ਕਹਿ ਦੇਵੇ ,ਕਿ

"ਸੋਡੇ ਕਿਹੜਾ ਬਲੌਰ ਝੂਲਦੇ ਸੀ" ,

ਪਰ ਭਰਮ ਦੀ ਸੰਦਲੀ ਖੁਸਬੂ ਨੇ ਬਾਪੂ ਨੂੰ ਫਿਰ ਕਲਾਵੇ ਵਿੱਚ ਲੈ ਲਿਆ ਸੀ ਅਤੇ ਨਾਨੀ ਦੀ ਅੱਕ ਚੱਬੀ ਬੋਲੀ ਬਾਪੂ ਦੇ ਆਦਰਸਵਾਦ ਨੂੰ ਲੀਰਾਂ ਲੀਰਾਂ ਕਰ ਗਈ । ਕਿਸੇ ਕਿਤਾਬ ਵਿਚ ਪੜ੍ਹੀ ਇਹ ਸਤਰ ਬਾਪੂ ਦੇ ਪਟੱਕ ਦੇਣੇ ਯਾਦ ਆ ਕੇ ਚਿੜਾਉਣ ਲੱਗੀ, ਕਿ ਔਰਤ ਸਦੀਆਂ ਤੋਂ ਗੁਲਾਮ ਹੈ।

ਨਾਨੀ, ਬਾਪੂ ਨੂੰ ਨੀਵਾਂ ਦਿਖਾਉਣ ਦਾ ਕੋਈ ਵੀ ਮੌਕਾ ਨਹੀਂ ਸੀ ਜਾਣ ਦਿੰਦੀ। ਮਾਸੀ ਦਾ ਸਾਕ ਸੁੱਖੀ ਸਾਂਦੀ ਨੇਪਰੇ ਚੜ੍ਹ ਗਿਆ। ਜਿ?ਦਗੀ ਆਪਣੀ ਤੋਰ ਤੁਰਦੀ ਗਈ। ਰਿਸਤਿਆਂ ਦੀ ਪਾਕੀਜਗੀ ਗੁਲਾਬੀ ਤੋਂ ਸੰਧੂਰੀ ਹੁੰਦੀ ਗਈ। ਉਮਰ ਦੀ ਢਲਦੀ ਦੁਪਹਿਰ ਨੇ ਮੋਹ ਦੀਆਂ ਤੰਦਾਂ ਨੂੰ ਪੀਢਾ ਕਰ ਦਿੱਤਾ।

ਬਾਪੂ ਨੂੰ ਅਚਾਨਕ ਲਾਇਲਾਜ ਬਿਮਾਰੀ ਨੇ ਘੇਰ ਲਿਆ। ਬਹੁਤ ਇਲਾਜ ਕਰਾਇਆ ਪਰ ਖੂਨ ਘਟਦਾ ਹੀ ਗਿਆ।ਹੁਣ ਤਾਂ ਮਹੀਨੇ ਤੋਂ ਦਸ ਦਿਨਾਂ ਵਿੱਚ ਖੂਨ ਚੜ੍ਹਾਉਣਾ ਪੈਂਦਾ। ਸਾਰੇ ਸਾਕ ਸਬੰਧੀ ਆ ਕੇ ਪਤਾ ਲੈ ਜਾਣ ਲੱਗੇ। ਬਾਪੂ ਪਥਰਾਈਆਂ ਅੱਖਾਂ ਨਾਲ ਹਰ ਪਤਾ ਲੈਣ ਆਏ ਵੱਲ ਦੇਖਦਾ ਅਤੇ ਅੱਖਾਂ ਬੰਦ ਕਰ ਲੈਂਦਾ। ਬਾਪੂ ਦੀ ਰੂਹ ਰੋਹੀ ਬੀਆਬਾਨ ਵਿੱਚ ਭਟਕ ਜਾਂਦੀ। ਅੱਜ ਪੱਖੋਂ ਕਲਾਂ ਤੋਂ ਦੂਰ ਦੀ ਰਿਸਤੇਦਾਰੀ ਵਿੱਚੋਂ ਗਾਮਾ ਤਾਇਆ ਆਇਆ ਸੀ। ਉਸ ਨੇ ਬਾਪੂ ਦੇ ਮੋਢੇ ਨੂੰ ਹਲੂਣ ਕੇ ਕਿਹਾ,

"ਬਾਈ ,ਤੂੰ ਫਿ?ਕਰ ਨਾ ਕਰ ਠੀਕ ਹੋਜੇਂਗਾ,ਬਾਈ ਬਾਈ...." ।

ਤੇ ਬਾਪੂ ਸਦਾ ਲਈ ਲੰਮੀਆਂ ਤਾਣ ਜਣੀ ਕਦੋਂ ਦਾ ਸੌਂ ਗਿਆ ਸੀ ।ਗਾਮਾ ਤਾਇਆ ਕਹਿ ਰਿਹਾ ਸੀ ਕੇ , "ਮੈਨੂੰ ਵੀ ਕੱਲ੍ਹ ਹੀ ਪਤਾ ਲੱਗਿਆ ਬਾਈ ਦੇ ਬਿਮਾਰ ਦਾ। ਤੇਜ ਚਾਚੀ ਆਵਦੇ ਵੱਡੇ ਮੁੰਡੇ ਨੂੰ ਕਹਿ ਰਹੀ ਸੀ," ਵੇ ਚਰਨਿਆ, ਪੂਹਲੇ ਨਾ ਜਾਈਂ ਵੇ,ਖੂਨ ਕੱਢ ਲੈਣਗੇ, ਤੇਰੇ ਮਾਸੜ ਨੂੰ ਦੇਣ ਵਾਸਤੇ " ।

# "ਪਰਉਪਕਾਰੁ ਨਿਤ ਚਿਤਵਦੇ... !"


ਬਰਜਿੰਦਰ ਕੌਰ ਬਿਸਰਾਓ...
9988901324

ਜ਼ਿੰਦਗੀ ਵਿੱਚ ਕਈ ਘਟਨਾਵਾਂ ਇਹੋ ਜਿਹੀਆਂ ਵਾਪਰਦੀਆਂ ਹਨ ਕਿ ਉਹ ਜਿ?ਦਗੀ ਦੀਆਂ ਅਭੁੱਲ ਯਾਦਾਂ ਬਣ ਜਾਂਦੀਆਂ ਹਨ। ਮੇਰੇ ਨਾਲ ਵੀ ਇੱਕ ਵਾਰੀ ਇਹੋ ਜਿਹੀ ਘਟਨਾ ਵਾਪਰੀ ਕਿ ਉਹ ਇੱਕ ਦਿਲਚਸਪ ਕਿੱਸੇ ਤੋਂ ਘੱਟ ਨਹੀਂ ਹੈ। ਅਕਸਰ ਇਸ ਘਟਨਾ ਨੂੰ ਮੈਂ ਯਾਦ ਕਰਕੇ ਇਕੱਲੀ ਬੈਠੀ ਮੁਸਕਰਾ ਲੈਂਦੀ ਹਾਂ ,ਕਦੇ ਕਦੇ ਪਰਿਵਾਰਕ ਮਹਿਫਲ ਦਾ ਹਿੱਸਾ ਬਣ ਕੇ ਵੀ ਉਸ ਦਾ ਆਨੰਦ ਮਾਣ ਲਿਆ ਜਾਂਦਾ ਹੈ। ਬਹੁਤੀਆਂ ਔਰਤਾਂ ਦੇ ਆਦਮੀ ਆਰਮੀ 'ਚ ਹੋਣ ਕਰਕੇ ਅਕਸਰ ਜਿ?ਦਗੀ ਵਿੱਚ ਬਹੁਤਾ ਇਕੱਲੇ ਹੀ ਘਰ ਤੇ ਬਾਹਰ ਦੇ ਕੰਮ ਕਾਰ, ਰਿਸਤੇਦਾਰੀਆਂ ਦੇ ਮੂੰਹ ਮੁਲਾਹਜੇ ਸਭ ਕੁਝ ਆਪ ਹੀ ਭੁਗਤਣੇ ਪੈਂਦੇ ਹਨ । ਮੇਰੀ ਜਿ?ਦਗੀ ਵੀ ਕੁਝ ਇਸ ਤਰ੍ਹਾਂ ਹੀ ਨਿਕਲੀ ਹੈ। ਗੱਲ ਉਨ੍ਹਾਂ ਸਮਿਆਂ ਦੀ ਹੈ ਜਦੋਂ ਨਾ ਤਾਂ ਮੋਬਾਈਲ ਫੋਨ ਆਏ ਸਨ ਤੇ ਲੈਂਡ ਲਾਈਨ ਫੋਨ ਵੀ ਕਿਤੇ ਕਿਤੇ ਦੂਰ ਹੀ ਲੱਗੇ ਹੁੰਦੇ ਸਨ। ਇਸ ਕਰਕੇ ਅੱਜ ਕੱਲ੍ਹ ਵਾਂਗੂੰ ਆਪਣਿਆਂ ਨੂੰ ਆਪਣੇ ਬਾਰੇ ਪਲ ਪਲ ਦੀ ਖਬਰ ਦੇਣੀ ਵੀ ਔਖੀ ਹੁੰਦੀ ਸੀ। ਇੱਕ ਵਾਰੀ ਮੇਰੀ ਭੈਣ ਹੁਰਾਂ ਨੇ ਆਪਣੀ ਨਵੀਂ ਕੋਠੀ ਦੀ ਚੱਠ ਕੀਤੀ ਤੇ ਅਖੰਡ ਪਾਠ ਰਖਵਾਇਆ ਹੋਇਆ ਸੀ । ਮੈਂ ਵੀ ਹਜੇ ਤੀਹਾਂ ਦੇ ਆਸ ਪਾਸ ਸੀ ਤੇ ਮੇਰਾ ਬੇਟਾ ਵੀ ਛੋਟਾ ਹੀ ਸੀ। ਉਹਨਾਂ ਸਮਿਆਂ ਵਿੱਚ ਮੈਂ ਗੇਅਰ ਵਾਲਾ ਸਕੂਟਰ ਚਲਾਉਂਦੀ ਹੁੰਦੀ ਸੀ ਪਰ ਉਹਨਾਂ ਦੀ ਰਿਹਾਇਸ ਦੂਰ ਦੂਜੇ ਜਿ?ਲ੍ਹੇ ਵਿੱਚ ਹੋਣ ਕਰਕੇ ਮੈਨੂੰ ਮਾਂ ਵੱਲੋਂ ਵੀ ਹਿਦਾਇਤ ਸੀ ਕਿ ਜਾਂ ਬੱਸ ਰਾਹੀਂ ਜਾਵਾਂ ਜਾਂ ਗੱਡੀ ਰਾਹੀਂ ਜਾਵਾਂ। ਵੈਸੇ ਉਹਨਾਂ ਸਲਾਹ ਦਿੱਤੀ ਕਿ ਨਿਆਣੇ ਨਾਲ ਰੇਲ ਗੱਡੀ ਦਾ ਸਫਰ ਠੀਕ ਰਹੇਗਾ। ਉਂਝ ਮੈਂ ਆਪਣੇ ਪਤੀ ਕੋਲ ਤਾਂ ਬਥੇਰੀ ਵਾਰ ਬੱਚੇ ਨੂੰ ਲੈ ਕੇ ਕਦੇ ਹੈਦਰਾਬਾਦ ਤੇ ਕਦੇ ਕਲਕੱਤੇ,ਦਿੱਲੀ ਬਗੈਰਾ ਗਈ ਸੀ।ਉਹ ਤਾਂ ਫਸਟ ਕਲਾਸ ਵਿੱਚ ਰਿਜਰਵੇਸਨ ਕਰਵਾਈ ਹੋਣ ਕਰਕੇ ਗੱਡੀ ਦਾ ਸਫਰ ਬਹੁਤ ਸੁਖਾਲਾ ਤੇ ਆਨੰਦ ਭਰਪੂਰ ਹੁੰਦਾ ਸੀ। ਇੰਟਰਸਿਟੀ ਟਰੇਨ ਰਾਹੀਂ ਮੈਂ ਇਹ ਪਹਿਲਾ ਸਫਰ ਕਰਨਾ ਸੀ।

ਮੈਂ ਆਪਣੇ ਬੇਟੇ ਨੂੰ ਨਾਲ ਲੈਕੇ ਦੁਪਹਿਰੋਂ ਬਾਅਦ ਦੋ ਢਾਈ ਵਜੇ ਸਟੇਸਨ ਤੇ ਚਲੀ ਗਈ ਤੇ ਉੱਥੋਂ ਦੀ ਟਿਕਟ ਖਰੀਦ ਲਈ। ਗੱਡੀ ਨੇ ਤਿੰਨ ਵਜੇ ਆਉਣਾ ਸੀ। ਗੱਡੀ ਦੇ ਚਾਅ ਵਿੱਚ ਪਤਾ ਈ ਨਾ ਲੱਗਿਆ ਕਦ ਤਿੰਨ ਵੱਜ ਗਏ ਪਰ ਗੱਡੀ ਨਾ ਆਈ। ਆਲੇ ਦੁਆਲਿਓਂ ਸਟਾਲਾਂ ਵਾਲਿਆਂ ਤੋਂ ਪਤਾ ਕੀਤਾ ਤਾਂ ਉਹ ਕਹਿੰਦੇ ਕਈ ਵਾਰ ਗੱਡੀ ਲੇਟ ਆਉਂਦੀ ਹੈ, ਉਡੀਕਦੇ ਉਡੀਕਦੇ ਸਾਢੇ ਤਿੰਨ ਵੱਜ ਗਏ , ਫਿਰ ਚਾਰ ਵੱਜ ਗਏ,ਸਾਡੇ ਚਾਅ ਵੀ ਠੰਢੇ ਪੈ ਕੇ ਉਡੀਕ ਵਾਲੀ ਥਕਾਵਟ ਵਿੱਚ ਬਦਲਣ ਲੱਗ ਪਏ। ਮੁੰਡਾ ਮੈਨੂੰ ਵਾਰ ਵਾਰ ਪੁੱਛੇ,"ਮੰਮਾ.....ਗੱਡੀ ਕਦੋਂ ਆਉਣੀ ਆ....!" ਮੈਂ ਵੀ ਉਹਨੂੰ ਕੀ ਦੱਸਦੀ, ਮੇਰੇ ਕੋਲ ਕਿਹੜਾ ਅੱਜ ਕੱਲ੍ਹ ਵਾਂਗੂੰ ਮੋਬਾਈਲ ਫੋਨ ਸੀ ਜੀਹਦੇ ਤੋਂ ਮੈਂ ਗੱਡੀ ਦੀ ਲੋਕੇਸਨ ਟਰੇਸ ਕਰ ਕੇ ਦੱਸ ਦਿੰਦੀ। ਫੇਰ ਸਾਢੇ ਚਾਰ ਵਜੇ ਪਤਾ ਲੱਗਿਆ ਕਿ ਗੱਡੀ ਦਾ ਉਹ ਗੇੜਾ ਤਾਂ ਅੱਜ ਕੈਂਸਲ ਹੋ ਗਿਆ ਹੈ ਹੁਣ ਪੰਜ ਵਜੇ ਵਾਲੀ ਆਖਰੀ ਗੱਡੀ ਆਊ। ਮੈਂ ਸੋਚਿਆ ਚੱਲੋ ਕੋਈ ਨਾ ਹੁਣ ਅੱਧਾ ਘੰਟਾ ਹੋਰ ਉਡੀਕ ਕਰ ਲੈਂਦੇ ਹਾਂ। ਪੰਜ ਛੱਡੋ ਉਹ ਵੀ ਸਾਢੇ ਪੰਜ ਵਜੇ ਆਈ ।ਉਸ ਵਿੱਚ ਵਧੀਆ ਜਿਹੀ ਸੀਟ ਦੇਖ ਕੇ ਅਸੀਂ ਮਾਂ ਪੁੱਤ ਬੈਠ ਗਏ ਜਿਸ ਡੱਬੇ ਵਿੱਚ ਪੰਜ ਸੱਤ ਜਨਾਨੀਆਂ ਵੀ ਸਨ। ਆਖਰੀ ਗੱਡੀ ਹੋਣ ਕਰਕੇ ਉਸ ਵਿੱਚ ਬਹੁਤੇ ਕੰਮਕਾਜੀ ਮਜਦੂਰ ਜਮਾਤ ਦੇ ਲੋਕ,ਟਿਫਿਨ ਅਤੇ ਲਿਫਾਫਿ?ਆਂ ਵਿੱਚ ਕੰਮ ਵਾਲੇ ਕੱਪੜੇ ਫੜੇ ਹੋਏ ਚੜ੍ਹ ਰਹੇ ਸਨ। ਗਰਮੀ ਜਿ?ਆਦਾ ਹੋਣ ਕਰਕੇ ਡੱਬੇ ਵਿੱਚ ਲੋਕਾਂ ਦੇ ਪਸੀਨੇ ਦੀ ਬਦਬੂ ਵੀ ਆ ਰਹੀ ਸੀ। ਆਖਰੀ ਗੱਡੀ ਹੋਣ ਕਰਕੇ ਗੱਡੀ ਵਿੱਚ ਲੋਕ ਤੁੰਨ ਕੇ ਭਰੇ ਗਏ ਤੇ ਗੱਡੀ ਛੇ ਵਜੇ ਤੁਰੀ। ਇਹ ਗੱਡੀ ਤਾਂ ਨਿੱਕੇ ਨਿੱਕੇ ਸਟੇਸਨਾਂ ਤੇ ਹੀ ਪੰਦਰਾਂ ਪੰਦਰਾਂ ਮਿੰਟ ਰੁਕੀ ਰਹਿੰਦੀ । ਚਾਰ ਕੁ ਸਟੇਸਨ ਲੰਘ ਕੇ ਔਰਤਾਂ ਉਤਰ ਗਈਆਂ, ਕਾਫੀ ਭੀੜ ਵੀ ਘਟ ਗਈ ਸੀ, ਬਾਹਰ ਨ੍ਹੇਰਾ ਘੁੱਪ ਹੋ ਗਿਆ ਸੀ। ਮੇਰੇ ਮੂੰਹ ਤੇ ਘਬਰਾਹਟ ਦੀ ਸਿ?ਕਨ ਆਉਣ ਲੱਗੀ ਤੇ ਮੇਰੇ ਪੁੱਤ ਦਾ ਗੱਡੀ ਵਾਲਾ ਚਾਅ ਠੰਡਾ ਪੈ ਕੇ ਚਿਹਰਾ ਉਦਾਸ ਤੇ ਫਿ?ਕਰਮੰਦ ਜਿਹਾ ਹੋ ਗਿਆ ਸੀ। ਟੀ ਟੀ ਆਇਆ। ਉਹ ਮੈਨੂੰ ਇਕੱਲੀ ਜਵਾਨ ਔਰਤ ਨੂੰ ਬੱਚੇ ਨਾਲ ਬੈਠੇ ਦੇਖ ਕੇ ਸਤਰਕ ਹੋ ਗਿਆ ਤੇ ਪਹਿਲਾਂ ਮੇਰੀ ਟਿਕਟ ਦੇਖ ਕੇ ਮੈਨੂੰ ਆਖਣ ਲੱਗਿਆ,"ਭਾਈ,ਜਿੱਥੇ ਤੁਸੀਂ ਜਾਣਾ ਹੈ......ਉੱਥੇ ਤਾਂ ਗੱਡੀ ਰਾਤ ਨੂੰ ਨੌਂ ਸਾਢੇ ਨੌਂ ਵਜੇ ਪਹੁੰਚੇਗੀ..... ਅੱਗੋਂ ਸਹਿਰ ਵੱਲ ਨੂੰ ਜਾਣ ਵਾਲਾ ਦੋ ਤਿੰਨ ਕਿਲੋਮੀਟਰ ਦਾ ਰਸਤਾ ਜਮਾਂ ਉਜਾੜ ਹੈ...... ਤੁਹਾਨੂੰ ਕੋਈ ਸਾਧਨ ਵੀ ਨਹੀਂ ਮਿਲਣਾ ਐਡੀ ਰਾਤ ਨੂੰ..... ਤੁਹਾਨੂੰ ਕੋਈ ਲੈਣ ਆ ਰਿਹਾ..... ?"ਉਸ ਦੀ ਗੱਲ ਸੁਣ ਕੇ ਮੇਰੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਉਕਰ ਆਈਆਂ ਤੇ ਭੋਲਾ ਜਿਹਾ ਮੂੰਹ ਬਣਾ ਕੇ ਉਸਨੂੰ ਕਿਹਾ,"ਨਹੀਂ ਵੀਰ ਜੀ.....!" ਟੀ ਟੀ ਬਹੁਤ ਹੀ ਨੇਕ ਇਨਸਾਨ ਸੀ।ਉਸ ਨੂੰ ਮੇਰੇ ਤੋਂ ਵੱਧ ਮੇਰੀ ਅਤੇ ਮੇਰੇ ਬੱਚੇ ਦੀ ਚਿੰਤਾ ਹੋਣ ਲੱਗੀ। ਉਹਨਾਂ ਕਿਹਾ," ਭਾਈ ਜੇ ਤੁਹਾਡੇ ਕੋਲ ਉਹਨਾਂ ਦਾ ਨੰਬਰ ਹੈ ਤਾਂ ਅਗਲੇ ਸਟੇਸਨ ਤੋਂ ਮੈਂ ਤੁਹਾਡੀ ਉਹਨਾਂ ਨਾਲ ਗੱਲ ਕਰਵਾ ਦਿੰਦਾ ਹਾਂ.... ?" " ਨਹੀਂ ਵੀਰ ਜੀ.... ਪੁਰਾਣਾ ਨੰਬਰ ਪੁਰਾਣੀ ਰਿਹਾਇਸ ਤੋਂ ਬੰਦ ਕਰਵਾ ਦਿੱਤਾ ਸੀ ਤੇ ਹੁਣ ਨਵੀਂ ਜਗ੍ਹਾ ਉਹਨਾਂ ਨੇ ਫੋਨ ਲਈ ਅਪਲਾਈ ਕੀਤਾ ਹੋਇਆ ਹੈ....!" ਮੈਂ ਸੱਚੀ ਗੱਲ ਟੀ ਟੀ ਨੂੰ ਦੱਸੀ। "ਚਲੋ ਕੋਈ ਨਾ ਮੇਰੇ ਰਿਸਤੇਦਾਰ ਦਾ ਪੀ ਸੀ ਓ ਆ.....ਉੱਥੇ...... ਮੈਂ ਤੁਹਾਡੀ ਗੱਲ ਕਰਵਾਉਂਦਾ ਹਾਂ।" ਉਹ ਮੈਨੂੰ ਇਨਸਾਨ ਨਹੀਂ ਕੋਈ ਦੇਵਤਾ ਨਜਰ ਆ ਰਿਹਾ ਸੀ। ਉਸ ਨੇ ਕੈਂਟ ਸਟੇਸਨ ਤੇ ਗੱਡੀ ਕਾਫੀ ਦੇਰ ਰੋਕ ਕੇ ਮੈਨੂੰ ਸਟੇਸਨ ਦੇ ਕੰਟਰੋਲ ਰੂਮ ਵਿੱਚ ਲਿਜਾ ਕੇ ਉੱਥੋਂ ਫੋਨ ਤੋਂ ਆਪਣੇ ਰਿਸਤੇਦਾਰ ਨਾਲ ਮੇਰੀ ਗੱਲ ਕਰਵਾਈ ਤਾਂ ਮੈਂ ਆਪਣੇ ਰਿਸਤੇਦਾਰਾਂ ਦੀ ਨਵੀਂ ਰਿਹਾਇਸ ਦਾ ਕੋਈ ਬਹੁਤਾ ਪੱਕਾ ਪਤਾ ਵੀ ਨਹੀਂ ਜਾਣਦੀ ਸੀ । ਹਾਂ,ਮੇਰੇ ਜੀਜਾ ਜੀ ਦਾ ਨਾਂ ਅਤੇ ਉਹਨਾਂ ਦਾ ਅਹੁਦਾ ਸੈਕਟਰੀ ਦੱਸ ਦਿੱਤਾ। ਹੁਣ ਟੀ ਟੀ ਨੂੰ ਉਸ ਦੇ ਰਿਸਤੇਦਾਰ ਨੇ ਮੇਰੇ ਰਿਸਤੇਦਾਰ ਤੱਕ ਸੁਨੇਹਾ ਪਹੁੰਚਾਉਣ ਦਾ ਵਿਸਵਾਸ ਦਿਵਾਇਆ ਤਾਂ ਟੀ ਟੀ ਮੇਰੇ ਬਾਰੇ ਥੋੜ੍ਹਾ ਜਿਹਾ ਚਿੰਤਾਮੁਕਤ ਦਿਸਿਆ। ਗੱਡੀ ਕੈਂਟ ਸਟੇਸਨ ਤੋਂ ਤੁਰੀ ਤੇ ਦੋ ਸਟੇਸਨ ਛੱਡ ਕੇ ਤੀਜਾ ਸਟੇਸਨ ਆਉਣਾ ਸੀ ਜਿੱਥੇ ਮੈਂ ਉਤਰਨਾ ਸੀ ਪਰ ਟੀ ਟੀ ਨੇ ਮੇਰਾ ਪੂਰਾ ਆਪਣੀ ਛੋਟੀ ਭੈਣ ਵਾਂਗ ਆਪਣੀ ਨਿਗਰਾਨੀ ਹੇਠ ਧਿਆਨ ਰੱਖਿਆ।

ਉਹ ਸਟੇਸਨ ਵੀ ਆ ਗਿਆ ਜਿੱਥੇ ਮੈਂ ਉਤਰਨਾ ਸੀ। ਮੈਨੂੰ ਲੈਣ ਲਈ ਉਸ ਸਹਿਰ ਦੇ ਇੱਕੋ ਨਾਂ ਵਾਲੇ ਤਿੰਨ ਸੈਕਟਰੀ ਲੈਣ ਲਈ ਪਹੁੰਚੇ ਹੋਏ ਸਨ। ਮੈਂ ਆਪਣੇ ਜੀਜਾ ਜੀ ਨੂੰ ਦੇਖਦੇ ਸਾਰ ਖੁਸ ਹੋ ਗਈ। ਟੀ ਟੀ ਦੇ ਸਾਹ ਵਿੱਚ ਸਾਹ ਆਇਆ ਤੇ ਉਹ ਵੀ ਖੁਸ ਹੋ ਗਿਆ। ਅਸੀਂ ਉਸ ਦਾ ਧੰਨਵਾਦ ਕੀਤਾ ਤੇ ਸਟੇਸਨ ਦੇ ਬਾਹਰ ਜਾਣ ਦੇ ਰਸਤੇ ਆਉਂਦੇ ਹੋਏ ਦੂਜੇ ਦੋਵੇਂ ਸੈਕਟਰੀ ਵੀ ਪਹਿਲਾਂ ਮੇਰੇ ਜੀਜਾ ਜੀ ਨਾਲ ਹੱਥ ਮਿਲਾ ਕੇ ਤੇ ਫਿਰ ਆਪਸ ਵਿੱਚ ਹੱਥ ਮਿਲਾ ਕੇ ਹੱਸਦੇ ਹੋਏ ਵਿਦਾ ਹੋਣ ਲੱਗੇ। ਟੀ ਟੀ ਦੇ ਪੀ ਸੀ ਓ ਵਾਲੇ ਰਿਸਤੇਦਾਰ ਨੇ ਫੁਰਤੀ ਦਿਖਾਉਂਦੇ ਹੋਏ ਸਹਿਰ ਵਿੱਚ ਰਹਿਣ ਵਾਲੇ ਤਿੰਨ ਸੈਕਟਰੀਆਂ ਨੂੰ ਸੁਨੇਹਾ ਦੇ ਦਿੱਤਾ ਸੀ।ਜਿਸ ਵਿੱਚ ਮੇਰੇ ਜੀਜਾ ਜੀ ਨੌਕਰੀ ਦੇ ਅਹੁਦੇ ਕਰਕੇ ਸੈਕਟਰੀ ਸਨ,ਦੂਜਾ ਗੁਰਦੁਆਰੇ ਦੀ ਕਮੇਟੀ ਸੈਕਟਰੀ ਸੀ ਤੇ ਤੀਜਾ ਕੋਈ ਹੋਰ ਸੈਕਟਰੀ ਸੀ। ਇਹ ਤਿੰਨੋਂ ਇੱਕ ਦੂਜੇ ਨੂੰ ਜਾਣਦੇ ਵੀ ਸਨ ਤੇ ਮੇਰੇ ਪਹੁੰਚਣ ਤੋਂ ਪਹਿਲਾਂ ਇੱਕ ਦੂਜੇ ਨੂੰ ਦੱਸ ਰਹੇ ਸਨ ਕਿ ਉਹਨਾਂ ਦੀ ਸਾਲੀ ਲੁਧਿਆਣਾ ਤੋਂ ਆ ਰਹੀ ਹੈ ਕਿਉਂ ਕਿ ਉਹਨਾਂ ਦੋਨਾਂ ਦੇ ਦੂਰ ਨੇੜੇ ਦੇ ਰਿਸਤੇਦਾਰ ਵੀ ਲੁਧਿਆਣੇ ਰਹਿੰਦੇ ਸਨ। ਪਰ ਮੇਰੇ ਪਹੁੰਚਣ ਤੇ ਸਾਫ ਹੋ ਗਿਆ ਸੀ ਕਿ ਮੈਂ ਕਿਸ ਸੈਕਟਰੀ ਦੀ ਸਾਲੀ ਸੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਹੋ ਜਿਹੀਆਂ ਘਟਨਾਵਾਂ ਜਿੱਥੇ ਸਾਨੂੰ ਜਿ?ਦਗੀ ਵਿੱਚ ਸਬਕ ਸਿਖਾ ਦਿੰਦੀਆਂ ਹਨ ਕਿ ਸਾਨੂੰ ਕਿਸੇ ਥਾਂ ਤੇ ਜਾਣ ਵੇਲੇ ਸਮੇਂ ਅਤੇ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਅੱਗੇ ਵਧਣਾ ਚਾਹੀਦਾ ਹੈ ਉੱਥੇ ਟੀ ਟੀ ਵਰਗੇ ਭਲੇ ਲੋਕਾਂ ਦੀ ਚੰਗਿਆਈ ਪੇਸ ਕਰਕੇ ਮਰਦਾਂ ਦੀ ਬਦਨੀਤੀ ਵਾਲੇ ਭੈਅ ਨੂੰ ਵੀ ਦੂਰ ਕਰਦੀਆਂ ਹਨ । ਨਾਲ ਹੀ ਟੀ ਟੀ ਵਰਗੀ ਪਰਉਪਕਾਰੀ ਸਖਸੀਅਤ ਦੂਜੇ ਮਰਦਾਂ ਲਈ ਪ੍ਰੇਰਨਾ ਸਰੋਤ ਬਣਦੀ ਹੈ ਕਿ ਤੁਹਾਨੂੰ ਲੱਗੇ ਕਿ ਅਣਜਾਣੇ ਵਿੱਚ ਕੋਈ ਨੌਜਵਾਨ ਔਰਤ ਮੁਸੀਬਤ ਵਿੱਚ ਫਸ ਸਕਦੀ ਹੈ ਤਾਂ ਉਸ ਦੀ ਵਕਤ ਰਹਿੰਦਿਆਂ ਹੀ ਮਦਦ ਕਰ ਕੇ ਮੁਸੀਬਤ ਵਿੱਚ ਫਸਣ ਤੋਂ ਬਚਾਇਆ ਜਾ ਸਕਦਾ ਹੈ।

# ਧਰਮ ਦੀ ਖਾਤਿਰ ਸਹੀਦੀ ਜਾਮ ਪੀ ਗਏ ਵੀਰ ਹਕੀਕਤ ਰਾਇ



ਵੀਰ ਹਕੀਕਤ ਰਾਇ ਦਾ ਜਨਮ 22 ਮੱਘਰ ਸੰਨ 1716 ਈਸਵੀ ਦਿਨ ਸਨੀਵਾਰ ਪਿਤਾ ਸ੍ਰੀ ਭਾਗਮਲ ਦੇ ਘਰ ਮਾਤਾ ਕੌਰਾਂ ਦੀ ਕੁੱਖੋਂ ਹੋਇਆ . ਉਨ੍ਹਾਂ ਦੇ ਦਾਦਾ ਦਾ ਨਾਂਓ ਸ੍ਰੀ ਨੰਦ ਲਾਲ ਸੀ . ਉਹ ਪਿੱਛੋਂ ਕਸੂਰ (ਪਾਕਿ) ਦੇ ਰਹਿਣ ਵਾਲੇ ਸਨ ਤੇ ਪਠਾਨਾਂ ਦੇ ਜੁਲਮ ਤੋਂ ਤੰਗ ਆ ਕੇ ਸਿਆਲਕੋਟ ਆ ਗਏ . ਇਕ ਦਿਨ ਅਚਾਨਕ ਕੁਝ ਮੁਸਲਮਾਨ ਲੜਕੇ (ਬੱਚੇ) ਵੀਰ ਹਕੀਕਤ ਰਾਏ ਨਾਲ ਲੜ ਪਏ . ਬੱਚਿਆਂ ਦੀ ਲੜਾਈ ਗਾਲੀ ਗਲੋਚ ਤੋਂ ਹੋਈ . ਇਸ ਦੌਰਾਨ ਇੱਕ ਮੁੱਲਾਂ ਉਥੋਂ ਦੀ ਜਾ ਰਿਹਾ ਸੀ, ਉਸ ਨੇ ਝਗੜੇ ਦਾ ਕਾਰਨ ਪੁੱਛਿਆ . ਮੁਸਲਮਾਨ ਲੜਕਿਆਂ ਨੇ ਕਿਹਾ ਇਸ ਨੇ ਫਾਤਮਾਂ ਦਾ ਨਾਂਅ ਲੈ ਕੇ ਗਾਲ੍ਹਾਂ ਕੱਢੀਆਂ ਹਨ . ਕਿਉਂ ਬਾਲਕ, ਤੂੰ ਬੀਬੀ ਫਾਤਮਾਂ ਨੂੰ ਗਾਲ੍ਹਾਂ ਕੱਢੀਆਂ ਹਨ, ਮੁਫਤੀ ਨੇ ਪੁਛਿਆ . ਵੀਰ ਹਕੀਕਤ ਰਾਏ ਨੇ ਕਿਹਾ, ਪਹਿਲਾਂ ਇਨ੍ਹਾਂ ਮੁੰਡਿਆਂ ਨੇ ਦੁਰਗਾ ਭਵਾਨੀ ਨੂੰ ਗਾਲ੍ਹਾਂ ਕੱਢੀਆਂ ਹਨ . ਮੁਫਤੀ ਨੇ ਜੋਰ ਦੇ ਕੇ ਕਿਹਾ, ਮੈਂ ਸਿਰਫ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਗਾਲ੍ਹਾਂ ਕੱਢੀਆਂ ਸਨ . ਮੈਂ ਫਿ?ਰ ਤੈਨੂੰ ਇਹੋ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਗਾਲ੍ਹੀ ਪਹਿਲਾਂ ਕੱਢੀ ਜਾਂ ਪਿੱਛੋਂ ? ਪਿੱਛੋਂ ਮੈਂ ਉਦਾਂ ਹੀ ਆਖਿਆ ਜਿੱਦਾ ਮੁੰਡਿਆਂ ਮੇਰੀ ਭਵਾਨੀ ਨੂੰ ਆਖਿਆ ਸੀ . ਜੁਰਮ ਇਕਬਾਲ ਏ ਇਦੀ ਸਜਾ ਸਿਰਫ ਇਕੋ ਹੀ ਏ . ਕਾਬੂਲ ਇਸਲਾਮ . ਅਗਰ ਮੁਜਰਮ ਇਨਕਾਰੀ ਹੈ ਤਾਂ ਗਰਦਨਜਨੀ ਕੀਤੀ ਜਾਏ . ਇਹ ਗੱਲ ਸੁਣ ਕੇ ਸਾਰੇ ਇਲਾਕੇ ਵਿਚ ਹਾ-ਹਾ ਕਾਰ ਮੱਚ ਗਈ . ਹਕੀਕਤ ਰਾਏ ਨੂੰ ਫੜ ਲਿਆ ਗਿਆ . ਉਸ ਦੀ ਮਾਤਾ ਕੌਰਾਂ ਅਪਣੇਂ ਪੁੱਤਰ ਦੀ ਜਾਨ ਬਖਸੀ ਲਈ ਵਾਸਤੇ ਪਾਉਣ ਲਗੀ . ਸਿਆਲਕੋਟ ਦੀ ਭਰੀ ਕਚਿਹਰੀ ਵਿਚ ਮਾਤਾ ਕੌਰਾਂ ਝੋਲੀ ਅੱਡੀ ਕਹਿ ਰਹੀ ਸੀ ਕਿ ਮੇਰੀ ਸਾਰੀ ਦੌਲਤ, ਮੇਰਾ ਮਕਾਨ, ਮੇਰੀ ਜਾਇਦਾਦ, ਸਭ ਕੁਝ ਲੈ ਲਉ ਤੇ ਮੇਰੇ ਅੱਖਾਂ ਦੇ ਨੂਰ ਨੂੰ , ਮੇਰੇ ਲਾਡਲੇ ਨੂੰ ਬਖਸ ਦਿਉ . ਜੇ ਇਹ ਕਸੂਰਵਾਰ ਏ ਤਾਂ ਮੈਂ ਮਾਫੀ ਮੰਗਦੀ ਹਾਂ . ਮੇਰਾ ਇਕੋ ਇਕ ਇਹੋ ਹੀ ਲਾਡਲਾ ਏ . ਮੈਨੂੰ ਅੱਖੋਂ ਅੰਨਿਆਂ ਨਾ ਕਰੋ, ਮੁਫਤੀ ਸਾਹਿਬ, ਤੁਸੀਂ ਵੀ ਬਾਲ ਬੱਚਿਆਂ ਵਾਲੇ ਓ ਪਰ ਕੌਣ ਸੁਣਦਾ ਏ ਨਗਾਰਖਾਨੇ ਵਿਚ ਤਤੀ ਦੀ ਆਵਾਜ, ਕਿਸੇ ਨੇ ਵੀ ਗੱਲ ਨਾ ਗੌਲੀ . ਮੁਫਤੀ ਨੇ ਕੜਕਦੀ ਆਵਾਜ ਵਿਚ ਫਿ?ਰ ਕਿਹਾ, ਕਿਉ, ਸੋਕਰੇ, ਤੈਨੂੰ ਇਸਲਾਮ ਕਬੂਲ ਏ ? ਮਜਹਮ ਬਦਲਿਆ ਨਹੀਂ ਜਾਂਦਾ, ਇਸ ਲਈ ਮੈਂ ਮਜਹਬ ਬਦਲਣ ਲਈ ਤਿਆਰ ਨਹੀਂ, ਹਕੀਕਤ ਰਾਇ ਨੇ ਤੇਜਸਵੀ ਬੋਲ ਸਨ ਇਸ ਦੀ ਜੁਬਾਨ 'ਚੋਂ ਸਾਜਿਸ ਦੀ ਬੂ ਆਉਂਦੀ ਹੈ, ਹਕੂਮਤ ਲਈ ਕਿਸੇ ਵੇਲੇ ਵੀ ਖਤਰਨਾਕ ਸਾਬਤ ਹੋ ਸਕਦਾ ਹੈ . ਇਸ ਲਈ ਇਸ ਦੀ ਸਜਾ ਬਹਾਲ ਰੱਖੀ ਜਾਵੇ ਭਾਗਮਲ ਅਤੇ ਉਸ ਦੇ ਕੁੜਮਾਂ ਨੇ ਮੁਫਤੀ ਦੇ ਕੋਲ ਕਈ ਸਿਫਾਰਸਾਂ ਖੜ੍ਹੀਆਂ, ਕਈ ਪਤਵੰਤੇ ਤਰਲੇ ਮਿੰਨਤ ਮਾਰਨ ਲੱਗੇ ਪਰ ਉਹ ਟੱਸ ਤੋਂ ਮੱਸ ਨਾ ਹੋਇਆ । ਅਗਲੇ ਦਿਨ ਕਤਲਾਗਾਹ ਵਿਚ ਫਿ?ਰ ਹਕੀਕਤ ਨੂੰ ਪੁਛਿਆ ਗਿਆ, ਕਈ ਲਾਲਚ ਦਿੱਤੇ ਗਏ, ਖਬਸੂਰਤ ਲੜਕੀ, ਚਾਰ ਪਿੰਡ ਜਗੀਰ, ਵਧੀਆ ਅਹੁਦਾ, ਇਹ ਸਭ ਸਰਕਾਰ ਵਲੋਂ ਤੇ ਪੰਜ ਹਜਾਰ ਮੁਹਰਾ ਅਪਣੇ ਵਲੋਂ ਦੇਵਾਂਗਾ, ਤੁਮ ਬਰਖੁਰਦਾਰ, ਇਸਲਾਮ ਕਬੂਲ ਕਰ ਲਉ, ਤੁਮਾਰੀ ਮਾਂ ਦਾ ਦੁੱਖ ਮੈਥੋਂ ਦੇਖਿਆ ਨਹੀਂ ਜਾਂਦਾ, ਮਾਨ ਜਉ ਬੇਟਾ, ਮਾਨ ਜਾਉ - ਮੁਫਤੀ ਵੀ ਤਰਸ ਖਾ ਕੇ ਆਖ ਰਿਹਾ ਸੀ । ਵੀਰ ਹਕੀਕਤ ਰਾਏ ਨੇ ਅਪਣੇ ਬੁਲੰਦ ਹੌਸਲੇ ਵਿਚ ਕਿਹਾ, ਕੀ ਇਸਲਾਮ ਕਬੂਲ ਕਰ ਲੈਣ ਨਾਲ ਮੌਤ ਨਹੀਂ ਆਏਗੀ ? ਮੌਤ ਨੇ ਤਾਂ ਆਉਣਾ ਹੀ ਹੈ . ਹੁਣ ਤਾਂ ਘੋੜੀ ਲੈ ਕੇ ਆਓ, ਜੰਞ ਚੜ੍ਹਨ ਦਿਉ (ਮੌਤ), ਇਸ ਤੋਂ ਸੁਹਣਾ ਵੇਲਾ ਫਿ?ਰ ਨਹੀਂ ਆਉਣ ਮਾਂ ! ਤੂੰ ਸਮਝ ਲਈ ਮਾਂ, ਇਕ ਮੇਰਾ ਮੁੰਡਾ ਸੀ, ਉਹ ਵੀ ਧਰਮ ਦੀ ਖਾਤਿਰ ਕੁਰਬਾਨ ਕਰ ਦਿੱਤਾ . ਹਕੀਕਤ ਧਰਮ ਨਹੀਂ ਛੱਡ ਸਕਦਾ, ਜਾਨ ਦੇ ਸਕਦਾ ਏ ਮਾਂ ! ਮਾਵਾਂ ਤਾਂ ਸਿਹਰੇ ਬੰਨ ਕੇ ਟੋਰਦੀਆਂ ਆਈਆਂ . ਖਤਰਾਣੀਆਂ ਤਾਂ ਗਾਨੇ ਬੰਨ ਕੇ ਟੋਰਦੀਆਂ ਹਨ . ਮਾਂ ! ਤੇਰੀਆਂ ਅੱਖਾਂ ਵਿਚ ਅਥਰੂ ਨੇ, ਸਾਫ ਕਰਦੇ ਅਥਰੂ, ਮੇਰਾ ਰਾਹ ਨਾ ਰੋਕ, ਮੰਜਿ?ਲ, ਬੜੀ ਖੂਬਸੂਰਤ ਹੈ, ਮੈਨੂੰ ਅੱਜ ਹੁਲਾਰੇ ਲੈ ਲੈਣ ਦੇ . ਇਹ ਘੋੜੀ ਮੁੜ ਕੇ ਨਹੀਂ ਆਉਣੀ . ਮਾਂ ! ਮੇਰੀ ਜੇ ਇਕ ਭਾਬੀ ਹੁੰਦੀ, ਮਹਿੰਦੀ ਭਰੇ ਹੱਥਾਂ ਨਾਲ ਸੁਰਮਾ ਪਾਉਂਦੀ . ਮਾਂ ! ਮੇਰੀ ਕੋਈ ਭੈਣ ਵੀ ਨਹੀਂ, ਕਿਸੇ ਗੁਆਂਢਣ ਨੂੰ ਸੱਦ ਲੈ, ਮੇਰੀ ਘੋੜੀ ਦੀਆਂ ਵਾਗਾਂ ਗੁੰਧ ਦੇਵੇ . ਪਿਤਾ ਜੀ ਨੂੰ ਕਵੋ, ਮੁਹਰਾਂ ਦੀ ਛੋਟ ਕਰਨ, ਪੁੱਤਰ ਘੋੜੀ ਚੜ੍ਹਿਆ ਏ, ਜਿੰ?ਦਗੀ ਵਿਚ ਇਸ ਤੋਂ ਖੂਬਸੂਰਤ ਦਿਨ ਕਦੇ ਨਹੀਂ ਚੜਨਾ . ਮਾਂ ! ਅਪਣੀ ਨੂੰਹ ਨੂੰ ਆਖੀਂ, ਫਿਰ ਮਿਲਾਂਗੇ, ਮੈਂ ਫਿ?ਰ ਆਵਾਂਗਾ, ਕਰਮਾਂ ਵਾਲੀ ਦੀ ਕੁੱਖ ਵਿਚੋਂ . ਫਿਰ ਸਹੀ, ਪਰਸੋਂ ਬਸੰਤ ਏ, ਫੁੱਲ ਖਿੜ੍ਹੇ ਹਨ ਮਾਂ ! ਤੂੰ ਅਪਣੇਂ ਵਿਹੜੇ ਵਿਚ ਫੁੱਲ ਲਾ ਛੱਡ, ਸਾਰੀ ਉਮਰ ਮਹਿਕ ਦੇਣਗੇ ਧਰਮ ਦੀ ਸੱਚੀ ਸੁੱਚੀ ਪਾਕ-ਪਵਿੱਤਰ ਸਹੀਦੀ ਦੀ . ਲਾਹ ਲੈਣ ਦੇ ਚਾਅ ਇਨ੍ਹਾਂ ਨੂੰ ਗਾਂ ਕਸਾਈਆਂ ਦੇ ਹੱਥ ਆ ਗਈ ਹੇ . ਇਹ ਬੁਲਬੁਲਾਂ ਸਦਾ ਬਾਗੀ ਨਹੀਂ ਬੋਲਣਗੀਆਂ . ਅੱਗੇ ਕਿਸੇ ਨੇ ਧਰਮ ਛੱਡਿਆ ਏ ਜਿਹੜਾ ਮੈਂ ਛੱਡ ਦੇਣਾ . ਹਕੀਕਤ ਰਾਏ ਮੁਸਕੁਰਾ ਰਿਹਾ ਸੀ, ਉਸ ਦੇ ਚਿਹਰੇ ਤੇ ਇਕ ਜਲੌ ਸੀ, ਇਸ ਅਲੌਕਿਕ ਸਕਤੀ ਦਾ ਜਲਣਾ . ਦੂਸਰੇ ਮੁਫਤੀ ਦੇ ਕਹਿਣ ਤੇ ਹਕੀਕਤ ਨੂੰ ਲਾਹੌਰ ਲੈ ਆਏ . ਬਸੰਤ ਪੰਚਮੀ ਵਾਲੇ ਦਿਨ ਜੱਲਾਦਾਂ ਅੱਗੇ ਪੇਸ ਕੀਤਾ ਗਿਆ। ਹਕੀਕਤ ਰਾਏ ਨੇ ਖੁਸ ਹੋ ਕੇ ਕਿਹਾ, "ਮੈਂ ਆਪੇ ਹੀ ਚਲਦਾ ਹਾਂ ਕਤਲਗਾਹ ਤਕ, ਮੌਤ ਦਾ ਦਿਨ ਹੀ ਤਾਂ ਸਭ ਤੋਂ ਖੂਬਸੂਰਤ ਹੈ . ਜੱਲਾਦਾਂ ਦਾ ਦਿਲ ਵੀ ਕੰਬ ਗਿਆ, ਖੁਦਾਇਆ ਰਹਿਮ . ਅਸੀਂ ਇਕ ਬੇਕਸੂਰ, ਬੇਗੁਨਾਹ ਮਾਸੂਮ ਬਾਲਕ ਦੀ ਗਰਦਨ ਉਤਾਰਨ ਲੱਗੇ ਹਾਂ . ਹਕੀਕਤ ਰਾਏ ਨੇ ਆਪ ਆਪਣੀ ਧੌਣ ਪੇਸ ਕਰ ਦਿੱਤੀ . ਜੱਲਾਦਾਂ ਨੇ ਇਕੋ ਟੱਕ ਨਾਲ ਧੜ ਨਾਲੋਂ ਧੌਣ ਅੱਡ ਕਰ ਦਿੱਤੀ ਹਕੀਕਤ ਰਾਏ ਸਹੀਦੀ ਪਾ ਗਿਆ ਪਰ ਉਸ ਦਾ ਮੁਬਾਰਕ ਨਾਓ ਕਿਆਮਤ ਤੱਕ ਜਿੰਦਾ ਰਹੇਗਾ . ਧਰਮ ਦੀ ਖਾਤਿਰ ਸਹੀਦ ਹੋਣ ਵਾਲੇ ਵੀਰ ਹਕੀਕਤ ਰਾਏ ਦਾ ਨਾਂਅ ਭਾਰਤ ਤੇ ਧਰਮ-ਇਤਿਹਾਸ ਵਿਚ ਧਰੂ ਤਾਰੇ ਦੇ ਵਾਂਗ ਚਕਮਦਾ ਰਵੇਗਾ . ਉਸ ਦੀ ਕੁਰਬਾਨੀ ਭਾਰਤ ਦੇ ਨੌਜਵਾਨਾਂ ਲਈ ਪਥ ਪ੍ਰਦਰਸਕ ਦਾ ਕੰਮ ਕਰਦੀ ਰਵੇਗੀ । ਬਸੰਤ ਹਰ ਸਾਲ ਆਏਗੀ ਤੇ ਹਕੀਕਤ ਰਾਏ ਦੀ ਸਮਾਧ ਤੇ ਹਰ ਸਾਲ ਸਰਧਾ ਦੇ ਫੁੱਲ ਖਿੜ੍ਹਦੇ ਰਹਿਣੇ . ਮਾਵਾਂ ਸੁੱਖਣਾ ਸੁਖਣ ਆਇਆ ਕਰਨਗੀਆਂ ਕਿ ਉਨ੍ਹਾਂ ਦੀ ਕੁੱਖ ਵਿਚੋਂ ਹਕੀਕਤ ਵਰਗੇ ਪੁੱਤ ਜੰਮਣ . ਪੰਜਾਬ (ਭਾਰਤ) ਨੂੰ ਫਖਰ ਦੇ ਇਨ੍ਹਾਂ ਸਹੀਦਾਂ ਤੇ . ਸਹੀਦਾਂ ਦਾ ਖੂਨ ਧਰਮ ਦਾ ਬੀਜ ਹੁੰਦਾ ਹੈ . ਪ੍ਰਰਾਥਨਾ ਸਭਾ, ਸਰਸਵਤੀ ਮੰਦਿਰ, ਕਿਲਾ ਮੰਡੀ, ਬਟਾਲਾ, ਜਿ?ਲ੍ਹਾ, ਗੁਰਦਾਸਪੁਰ ਪੰਜਾਬ ਵਲੋਂ ਹਰ ਸਾਲ ਬਸੰਤ ਪੰਚਮੀ ਦੇ ਦਿਨ ਵੀਰ ਹਕੀਕਤ ਰਾਏ ਦਾ ਸਹੀਦੀ ਦਿਵਸ ਭਾਰੀ ਮੇਲੇ ਦੇ ਰੂਪ ਵਿਚ ਧੂਮਧਾਮ ਤੇ ਸਰਧਾ ਭਾਵ ਨਾਲ ਮਨਾਇਆ ਜਾਂਦਾ ਹੈ ਸਾਰਾ ਦਿਨ ਦੇਸੀ ਘਿਓ ਦਾ ਲੰਗਰ ਚਲਦਾ ਹੈ।

ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ
ਮੋ. 98156-25409

## (ਦੇ ਨੀ ਮਾਏ ਲੋਹੜੀ)

ਦੋਸਤੋ ਪੋਹ ਮਹੀਨੇ ਦੀ ਆਖਰੀ ਰਾਤ ਵਾਲੇ ਦਿਨ ਨੂੰ ਲੋਹੜੀ ਮਨਾਈ ਜਾਦੀ ਹੈ ।ਇਹ ਤਿਉਹਾਰ ਆਪਸੀ ਭਾਈਚਾਰੇ ਦੇ ਮੇਲਜੋਲ ਅਤੇ ਆਢ,ਗੁਆਢ ਰਲ ਮਿਲਕੇ ਇੱਕ ਦੂਜੇ ਦੀ ਇੱਕਠੇ ਹੋ ਕੇ ਖੁਸ਼ੀ ਮਨਾਉਣ ਦਾ ਪ੍ਰਤੀਕ ਹੈ ।ਤੇ ਅਗਲਾ ਦਿਨ ਜਾਣੀ 1 ਮਾਘ ਮਾਘੀ ਦਾ ਤਿਉਹਾਰ ਮਨਾਇਆ ਜਾਦਾ ਹੈ। ਇਹ ਸਰਦ ਰੁੱਤ ਦਾ ਤਿਉਹਾਰ ਹੈ। ਲੋਹੜੀ ਜਿਆਦਾਤਰ ਲੋਕ ਪੁੱਤਰ ਦੇ ਜੰਮਣ ਅਤੇ ਵਿਆਹ ਦੀ ਖੁਸ਼ੀ ਹੋਣ ਤੇ ਮਨਾਉਦੇ ਹਨ। ਅਤੇ ਘਰ ਘਰ ਜਾ ਕੇ ਗੁੜ,ਮੂੰਗਫਲੀ,ਰਿਉੜੀਆ ਵੰਡਦੇ ਹਨ ।ਕੁੜੀਆਂ ਵੀ ਘਰੋ ਘਰੀ ਜਾ ਕੇ ਲੋਹੜੀ ਮੰਗਦੀਆ ਹਨਤੇ ਕਹਿੰਦੀਆ ਹਨ



ਪਰਮਜੀਤ ਕੌਰ ਸੋਢੀ
94786,58384

ਦੇ ਨੀ ਮਾਏ ਲੋਹੜੀ ਤੇਰਾ ਪੁੱਤ ਚੜੇਗਾ ਘੋੜੀ।
ਸਾਨੂੰ ਦੇ ਲੋਹੜੀ ਤੇਰੀ ਜੀਵੇ ਜੋੜੀ।

ਫਿਰ ਰਾਤ ਨੂੰ ਲੋਹੜੀ ਬਾਲ ਕੇ ਤਿਲ ਸੁੱਟਦੇ ਹਨ ਤੇ ਅਕਸਰ ਹੀ ਇਹ ਕਿਹਾ ਜਾਦਾ ਹੈ ਈਸਰ ਆ,ਦਲਿਦਰ ਜਾ ।ਦੱਲਿਦਰ ਦੀ ਜੜ ਚੁੱਲੇ ਪਾ ।ਅਗਲੀ ਸਵੇਰ ਮਾਘੀ ਦਾ ਤਿਉਹਾਰ ਲੋਕ ਸਵੇਰੇ ਜਲਦੀ ਉੱਠ ਇਸ਼ਨਾਨ ਕਰਕੇ ਗੁਰੂ ਘਰ ਜਾ ਕੇ ਮਨਾਉਦੇ ਹਨ ।ਥਾਂ,ਥਾਂ ਮਾਘੀ ਮੇਲੇ ਲੱਗਦੇ ਹਨ ।ਪਰ ਸ੍ਰੀ ਮੁਕਤਸਰ ਸਾਹਿਬ ਦਾ ਮਾਘੀ ਮੇਲਾ ਬਹੁਤ ਭਾਰੀ ਇੱਕਠ ਵਾਲਾ ਹੁੰਦਾ ਹੈ ।ਮੇਰੇ ਹਿਸਾਬ ਨਾਲ ਤਾਂ ਕੁੜੀਆਂ ,ਮੁੰਡੇ ਇੱਕ ਬਰਾਬਰ ਹੀ ਹੁੰਦੇ ਹਨ ਜੀ ਸਾਨੂੰਕੁੜੀਆਂ ਦੀ ਲੋਹੜੀ ਵੀ ਮਨਾਉਣੀ ਚਾਹੀਦੀ ਹੈ ।ਸਾਰੇ ਬੱਚਿਆ ਨੂੰ ਇੱਕ ਸਮਾਨ ਹੀ ਸਮਝਣਾ ਚਾਹੀਦਾ ਹੈ ।ਜਿਵੇ ਕਿ ਧੀਆ ਪੁੱਤਰ ਇਕ ਸਮਾਨ ਇਹ ਗੱਲ ਸਾਰਾ ਕਹੇ ਜਹਾਨਦੋਸਤੋ ਧੀਆਂ ਦੀ ਲੋਹੜੀ ਮਨਾਉਨ ਦੀ ਸੂਰਆਤ ਆਪਾ ਪਹਿਲਾ ਆਪਣੇਘਰ ਤੋ ਹੀ ਕਰੀਏ। ਵੈਸੇ ਇਹ ਸ਼ੁਰੂਆਤ ਹੋ ਹੀ ਚੁੱਕੀ ਹੈ ਤੇ ਬਹੁਤ ਸਾਰੇ ਲੋਕ ਜਾਗਰੁਕ ਹੋ ਗਏ ਹਨ ਜੀ ਪਰ ਜੋ ਰਹਿ ਗਏ ਉਹ ਵੀ ਸਾਰੇ ਰਲਮਿਲ ਕੇ ਆਪਣੀ ਸੋਚ ਉਸਾਰੂ ਬਨਾਈਏ ।ਤੇ ਨਵੀ ਪੀੜੀ ਨੂੰ ਤਿਉਹਾਰਾ ਤੋ ਜਾਣੂ ਕਰਾਈਏ ।ਇਸ ਨਾਲ ਆਪਾ ਆਪਣੇ ਬੱਚਿਆ ਨੂੰ ਭਾਈਚਾਰਕ ਸਾਂਝ ਅਤੇ ਪੁਰਾਣੇ ਵਿਰਸੇ ਨਾਲ ਜੋੜ ਕੇ ਰੱਖ ਸਕਾਗੇ ਅਤੇ ਭਰੂਣ ਹੱਤਿਆ ਜਿਹੇ ਪਾਪ ਤੋ ਛੁਟਕਾਰਾ ਪਾ ਲਵਾਗੇ। ਸੋ ਦੋਸਤੋ ਮੈ ਇਹੀ ਕਹਾਗੀ ਕਿ ਕਿਸੇ ਲੋੜਵੰਦ ਦੀ ਮੱਦਦ ਵੀ ਕਰੋ,ਵਿੱਤ ਮੁਤਾਬਿਕ ਦਾਨ ਕਰੋ,ਮਾੜੇ ਕੰਮਾ ਨੂੰ ਤਿਆਗੋ,ਧੀਆ ਨਾਲ ਪਿਆਰ ਕਰੋ ਅੱਜ ਤੋ ਪ੍ਰਣ ਕਰੋ ਚੰਗੀ ਵਿਚਾਰਧਾਰਾ ਦੇ ਮਾਲਕ ਬਣ ਲੋਹੜੀ ਮਨਾਓ ਤੇ ਸਾਰੇ ਘਰਾ ਵਿੱਚ ਖੁਸ਼ੀਆ ਲਿਆਓ।

## ਅਸੰਭਵ ਸ਼ਬਦ ਦਾ ਤਿਆਗ

ਅਜੋਕੇ ਯੁੱਗ ਵਿੱਚ ਤੇਜ ਰਫਤਾਰ ਜਿੰ?ਦਗੀ ਦੇ ਚਲਦਿਆਂ ਇਹ ਸ਼ਬਦ ਸੁਣਨ ਨੂੰ ਮਿਲਦੇ ਹਨ ਕਿ ਇਹ ਕੰਮ ਤਾਂ ਮੇਰੇ ਲਈ ਅਸੰਭਵ ਹੈ ,ਹਾਲਾਂਕਿ ਸਿਆਣੇ, ਵਿਦਵਾਨ ਅਤੇ ਬੁੱਧੀਜੀਵੀ ਲੋਕ ਸਮਝਾਉਂਦੇ ਹਨ ਕਿ ਅਸੰਭਵ ਸ਼ਬਦ ਰੂਹ ਤੋਂ ਹਾਰੇ ਹੋਏ ਮਨੁੱਖਾਂ ਦਾ ਸ਼ਬਦ ਹੈ।

ਪੜ੍ਹਨ ਵਾਲੇ ਵਿਦਿਆਰਥੀਆਂ ਲਈ ਇਹ ਲਾਜ਼ਮੀ ਹੈ ਕਿ ਅਸੰਭਵ ਸ਼ਬਦ ਨੂੰ ਆਪਣੇ ਜੀਵਨ ਵਿੱਚੋਂ ਕੱਢ ਕੇ ਬਾਹਰ ਸੁੱਟ ਦੇਣ ।ਕਾਰਨ ਇਹ ਹੈ ਕਿ ਵਿਦਿਆਰਥੀਆਂ ਨੇ ਹੀ ਆਉਣ ਵਾਲੇ ਸਮੇਂ ਵਿੱਚ ਦੇਸ਼ ਅਤੇ ਸਮਾਜ ਦੀ ਵਾਗਡੋਰ ਆਪਣੇ ਹੱਥ ਵਿੱਚ ਸਾਂਭਣੀ ਹੁੰਦੀ ਹੈ। ਜੇਕਰ ਸਾਡੇ ਭਵਿੱਖੀ ਨੇਤਾ ਅਜਿਹੇ ਨਕਾਰਾਤਮਕ ਸ਼ਬਦ ਦੇ ਜਾਲ ਵਿੱਚ ਫਸ ਗਏ ਤਾਂ ਸਾਡੇ ਦੇਸ਼ ਅਤੇ ਸਮਾਜ ਨੂੰ ਕੌਣ ਬਚਾਏਗਾ ?




ਸੋ ਵਿਦਿਆਰਥੀਆਂ ਲਈ ਇਹ ਲਾਜ਼ਮੀ ਹੈ ਕਿ ਉਹ ਅਸੰਭਵ ਸ਼ਬਦ ਦਾ ਪਹਿਲ ਦੇ ਆਧਾਰ ਤੇ ਤਿਆਗ ਕਰ ਦੇਣ। ਵਿਦਿਆਰਥੀ ਅਤੇ ਵਿੱਦਿਆ, ਫੇਰ ਵਿੱਦਿਆ ਅਤੇ ਵਿੱਦਿਅਕ ਸੰਸਥਾਵਾਂ ਦਾ ਨਹੁੰ ਮਾਸ ਦਾ ਰਿਸ਼ਤਾ ਹੈ ।ਅੱਖਰ ਗਿਆਨ ਲਈ ਵਿਦਿਆਰਥੀ ਦਾ ਸਕੂਲ ਵਿੱਚ ਜਾਣਾ ਬਹੁਤ ਜਰੂਰੀ ਹੈ। ਪ੍ਰਾਇਮਰੀ ਪੱਧਰ ਤੇ ਵਿਦਿਆਰਥੀਆਂ ਨੂੰ ਇਹ ਗੁਣ ਅਖਤਿਆਰ ਕਰਨਾ ਅਤਿ ਲਾਜ਼ਮੀ ਹੈ ਕਿ ਉਨ੍ਹਾਂ ਨੇ ਅਸੰਭਵ ਸ਼ਬਦ ਨੂੰ ਆਪਣੇ ਨੇੜੇ ਨਹੀਂ ਢੁੱਕਣ ਦੇਣਾ ।ਮਿਡਲ ਪੱਧਰ( ਛੇਵੀਂ ਤੋਂ ਅੱਠਵੀਂ) ਤੱਕ ਪਹੁੰਚ ਕੇ ਚੜ੍ਹਦੀ ਕਲਾ ਅਤੇ ਸਕਾਰਾਤਮਕ ਸੋਚ ਨਾਲ ਉਹ ਵਿੱਦਿਆ, ਖੇਡਾਂ ,ਸੰਗੀਤ ਕਲਾ ਆਦਿ ਖੇਤਰਾਂ ਵਿੱਚ ਮੱਲਾਂ ਮਾਰ ਸਕਦੇ ਹਨ। ਵੱਡੀਆਂ ਜਮਾਤਾਂ (ਨੌਵੀਂ ਤੋਂ ਬਾਰ੍ਹਵੀਂ) ਤੱਕ ਪਹੁੰਚਦੇ-ਪਹੁੰਚਦੇ ਉਨ੍ਹਾਂ ਅੰਦਰ ਬਹੁਤ ਸਾਰੀਆਂ ਤਬਦੀਲੀਆਂ ਆਉਂਦੀਆਂ ਹਨ। ਜਿੱਥੇ ਇਹ ਸਮਾਂ ਉਨ੍ਹਾਂ ਦੇ ਸਰੀਰਕ ਵਿਕਾਸ ਦਾ ਹੁੰਦਾ ਹੈ ,ਉੱਥੇ ਮਾਨਸਿਕ ਅਤੇ ਭਾਵਨਾਤਮਕ ਤੌਰ ਤੇ ਹੋ ਰਹੇ ਬਦਲਾਅ, ਉਨ੍ਹਾਂ ਅੰਦਰ ਇੱਕ ਤਰਾਂ ਨਾਲ ਖੌਰੂ ਹੀ ਪਾ ਦਿੰਦੇ ਹਨ। ਇਸ ਮੌਕੇ ਉਨ੍ਹਾਂ ਨੂੰ ਯੋਗ ਅਗਵਾਈ ਦੀ ਬਹੁਤ ਲੋੜ ਹੁੰਦੀ ਹੈ ।ਜੇਕਰ ਮਾਪੇ ਅਤੇ ਅਧਿਆਪਕ ਉਨ੍ਹਾਂ ਦੀ ਯੋਗ ਰਹਿਨੁਮਾਈ ਕਰਨ ਤਾਂ ਉਹ ਵਿਦਿਆਰਥੀ ਰੌਸ਼ਨ ਚਮਕਦੇ ਸਿਤਾਰੇ ਬਣ ਸਕਦੇ ਹਨ।

ਵਿਦਿਆਰਥੀ ਜੇਕਰ ਥੋੜ੍ਹੇ ਜਿਹੇ ਠਰ੍ਹੰਮੇ ਤੋਂ ਕੰਮ ਲੈਣ ਤਾਂ ਉਨ੍ਹਾਂ ਦੀ ਸਾਰੀ ਜ਼ਿੰਦਗੀ ਸਫ਼ਲਤਾ ਭਰਪੂਰ ਹੋ ਸਕਦੀ ਹੈ । ਉਨ੍ਹਾਂ ਨੂੰ ਜਦੋਂ ਵੀ ਪੜ੍ਹਾਈ ਜਾਂ ਨੈਤਿਕ ਮੁੱਲਾਂ ਨੂੰ ਅਪਨਾਉਣ ਲਈ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਅਕਸਰ ਉਹ ਅਕੇਵਾਂ ਮਹਿਸੂਸ ਕਰਨ ਲੱਗਦੇ ਹਨ ।ਪ੍ਰੰਤੂ ਇਹ ਚਾਹੀਦਾ ਹੈ ਕਿ ਉਹ ਇਹ ਗੱਲ ਹਮੇਸਾਂ ਆਪਣੇ ਅੰਦਰ ਵਸਾ ਕੇ ਰੱਖਣ ਕਿ ਲੰਘਿਆ ਵੇਲਾ ਕਦੇ ਵੀ ਵਾਪਸ ਨਹੀਂ ਆ ਸਕਦਾ। ਇਸ ਕਰਕੇ ਵਰਤਮਾਨ ਸਮਾਂ ਉਨ੍ਹਾਂ ਦਾ ਕੀਮਤੀ ਸਮਾਂ ਹੈ ।

ਇਹ ਠੀਕ ਹੈ ਕਿ ਵਿਦਿਆਰਥੀ ਜੀਵਨ ਦੀਆਂ ਮੌਜਾਂ ਵੀ ਦੁਬਾਰਾ ਨਹੀਂ ਮਿਲਦੀਆਂ। ਪ੍ਰੰਤੂ ਜੇਕਰ ਅਸੀਂ ਮਹਾਨ ਯੋਧੇ ਅਰਜਨ ਵਾਂਗ ਆਪਣਾ ਧਿਆਨ ਆਪਣੇ ਉਦੇਸ਼ ਤੇ ਹੀ ਕੇਂਦਰਤ ਕਰੀਏ ਤਾਂ ਸਾਨੂੰ ਕਾਫੀ ਚੀਜ਼ਾਂ ਫਜ਼ੂਲ ਜਾਪਣ ਲੱਗਣਗੀਆਂ। ਇੱਥੋਂ ਹੀ ਸ਼ਬਦ 'ਅਸੰਭਵ' ਦੇ ਤਿਆਗ ਦੀ ਭਾਵਨਾ ਉਪਜੇਗੀ। ਜੇਕਰ ਅਸੀਂ ਇਹ ਦ੍ਰਿੜ੍ਹ ਇਰਾਦਾ ਕਰ ਲਈਏ ਕਿ ਅਸੰਭਵ ਸ਼ਬਦ ਸਾਡੇ ਲਈ ਨਹੀਂ ਬਣਿਆ, ਤਾਂ ਅਸੀਂ ਹਰੇਕ ਖੇਤਰ ਵਿੱਚ ਕਾਮਯਾਬੀ ਪ੍ਰਾਪਤ ਕਰ ਸਕਾਂਗੇ। ਫਿਰ ਸਾਨੂੰ ਕੋਈ ਵੀ ਵਿਸ਼ਾ ਔਖਾ ਨਹੀਂ ਲੱਗੇਗਾ ।ਜਿਸ ਤਰਾਂ ਮਿਸਤਰੀ ਲੱਕੜੀ ਤੋਂ ਵਾਧੂ ਦੀਆਂ ਛਿਲਤਰਾਂ ਨੂੰ ਰੰਦੇ ਨਾਲ ਸਾਫ ਕਰਦਾ ਹੈ, ਉਵੇਂ ਹੀ ਸਾਨੂੰ ਅਸੰਭਵ, ਔਖਾ, ਮੁਸ਼ਕਿਲ ਆਦਿ ਸ਼ਬਦਾਂ ਨੂੰ ਰੰਦ ਕੇ ਜੀਵਨ ਨੂੰ ਸਾਵਾਂ ਅਤੇ ਪੱਧਰਾ ਕਰਨਾ ਆਉਣਾ ਚਾਹੀਦਾ ਹੈ । ਸੋ ਪਿਆਰੇ ਬੱਚਿਓ ! ਯਾਦ ਰੱਖੋ ਕਿ ਇਹ ਸਾਡਾ ਸਮੁੱਚਾ ਸਮਾਜ ਤੁਹਾਡੇ ਤੇ ਟੇਕ ਰੱਖਦਾ ਹੈ ।ਤੁਸੀਂ ਹੀ ਭਵਿੱਖ ਵਿੱਚ ਦੇਸ ਅਤੇ ਸਮਾਜ ਨੂੰ ਤਰੱਕੀ ਦੇ ਰਾਹ ਤੋਰਨਾ ਹੈ। ਇਸ ਲਈ ਅੱਜ ਤੋਂ ਹੀ ਅਸੰਭਵ ਸ਼ਬਦ ਨੂੰ ਸਦਾ-ਸਦਾ ਲਈ ਤਿਲਾਂਜਲੀ ਦੇ ਕੇ ਆਪਣੀਆਂ ਵਿੱਦਿਅਕ, ਨੈਤਿਕ ਅਤੇ ਸਾਹਿਤਕ ਰੁਚੀਆਂ ਪ੍ਰਤੀ ਕੇਂਦਰਤ ਹੋ ਜਾਵੋ ।ਸਮੁੱਚਾ ਦੇਸ਼ ਤੁਹਾਡੇ ਰੌਸ਼ਨ ਕਦਮਾਂ ਨੂੰ ਉਡੀਕ ਰਿਹਾ ਹੈ ।



ਸੁਰਿੰਦਰ ਪਾਲ ਕੌਰ ਧਨੌਲਾ (ਬਰਨਾਲਾ)
ਸੰਪਰਕ:- 7009715355 ,
9878757904

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 354 | Website: www.preetnama.com Email preetnamausa@gmail.com | 22 MAY TO 28 MAY, 2026



# ਫਾਸਟ ਫੂਡ ਖਾਣਿਆਂ ਨਾਲ ਸਰੀਰ ਅੰਦਰ ਪੈਦਾ ਹੋ ਰਹੀਆਂ ਬੀਮਾਰੀਆਂ




ਅੱਜ ਤੋਂ 40-50ਸਾਲ ਪਹਿਲਾਂ ਤੇ ਅੱਜ ਦੇ ਮਨੁੱਖ ਦੀ ਖ਼ੁਰਾਕ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੈ। ਕਿਉਂਕਿ ਉਹਨਾਂ ਸਮਿਆਂ ਵਿੱਚ ਕਿਸਾਨ ਆਪਣੇ ਖੇਤਾਂ ਵਿਚ ਬਿਨਾਂ ਕੀਟਨਾਸ਼ਕ ਦਵਾਈਆਂ ਦੇ ਆਪਣੀ ਫ਼ਸਲ ਪੈਦਾ ਕਰਦਾ ਸੀ। ਆਪਣੇ ਦਿਆਲੂ ਸੁਭਾਅ ਦੇ ਮੁਤਾਬਕ ਜੀਵ ਜੰਤੂਆਂ ਨੂੰ ਵੀ ਪੇਟ ਭਰਕੇ ਖਾਣਾ ਖਾਣ ਨੂੰ ਦਿੰਦਾ ਸੀ। ਆਪਣਾ ਜੀਵਨ ਬਹੁਤ ਵਧੀਆ ਮਾਹੌਲ ਵਿੱਚ ਜੀਅ ਰਿਹਾ ਸੀ।ਪਰ ਸਮੇਂ ਦੇ ਗਧੀਗੇੜ ਵਿੱਚ ਇੰਨਾਂ ਉਲਝ ਗਿਆ ਕਿ ਆਪਣੀ ਮਾਨਸਿਕਤਾ ਨੂੰ ਲਾਲਚ ਵਾਲੇ ਪਾਸੇ ਮੋੜਾ ਦੇਣਾ ਸ਼ੁਰੂ ਕਰ ਦਿੱਤਾ। ਅੱਜ ਆਪਣੀਆਂ ਫ਼ਸਲਾਂ ਨੂੰ ਇੱਕ ਦੂਜੇ ਤੋਂ ਵਧਾ ਕੇ ਪੈਦਾਵਾਰ ਕਰਨ ਲਈ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਗਈ।ਜਿਸ ਨਾਲ ਹਰ ਫ਼ਸਲ ਵਿੱਚ ਜ਼ਹਿਰੀਲੇ ਤੱਤ ਪੈਦਾ ਹੋਣੇ ਸ਼ੁਰੂ ਹੋ ਗਏ।ਜਿਸ ਦਾ ਨਤੀਜਾ ਇਹ ਨਿਕਲਿਆ ਹੋਇਆ ਹੈ ਕਿ ਅੱਜ ਹਰ ਘਰ ਵਿੱਚ ਸਾਰੇ ਦਾ ਸਾਰਾ ਪ੍ਰੀਵਾਰ ਕਿਸੇ ਨਾ ਕਿਸੇ ਬੀਮਾਰੀ ਤੋਂ ਪੀੜਤ ਹੈ। ਮੁਕਦੀ ਗੱਲ ਇਹ ਹੈ ਕਿ ਆਧੁਨਿਕ ਸਮੇਂ ਵਿੱਚ ਫਾਸਟ ਫੂਡ ਮਨੁੱਖੀ ਜੀਵਨ ਦਾ ਇੱਕ ਵੱਡਾ ਹਿੱਸਾ ਬਣ ਚੁੱਕਾ ਹੈ। ਬੱਚਿਆਂ ਤੋਂ ਲੈ ਕੇ ਨੌਜਵਾਨਾਂ ਤੱਕ ਹਰ ਕੋਈ ਪੀਜ਼ਾ, ਬਰਗਰ, ਚਾਉਮੀਨ, ਚਿਪਸ ਅਤੇ ਕੋਲਡ ਡ੍ਰਿੰਕ ਵਰਗੀਆਂ ਚੀਜ਼ਾਂ ਵੱਲ ਖਿੱਚਿਆ ਜਾ ਰਿਹਾ ਹੈ। ਸੁਆਦ ਅਤੇ ਦਿਖਾਵੇ ਵਿੱਚ ਆਕਰਸ਼ਕ ਇਹ ਖਾਣੇ ਸਰੀਰ ਨੂੰ ਹੌਲੀ-ਹੌਲੀ ਬੀਮਾਰੀਆਂ ਵੱਲ ਧੱਕ ਰਹੇ ਹਨ। ਅੱਜ ਕਈ ਗੰਭੀਰ ਰੋਗਾਂ ਦਾ ਇੱਕ ਵੱਡਾ ਕਾਰਨ ਫਾਸਟ ਫੂਡ ਵੀ ਬਣ ਰਿਹਾ ਹੈ।ਫਾਸਟ ਫੂਡ ਵਿੱਚ ਵੱਧ ਮਾਤਰਾ ਵਿੱਚ ਤੇਲ, ਮਸਾਲੇ, ਚੀਨੀ ਅਤੇ ਕੈਮੀਕਲ ਮਿਲਾਏ ਜਾਂਦੇ ਹਨ। ਇਹ ਖਾਣੇ ਸਰੀਰ ਨੂੰ ਤਾਕਤ ਦੇਣ ਦੀ ਬਜਾਏ ਚਰਬੀ ਵਧਾਉਂਦੇ ਹਨ। ਲਗਾਤਾਰ ਫਾਸਟ ਫੂਡ ਖਾਣ ਨਾਲ ਮੋਟਾਪਾ ਤੇਜ਼ੀ ਨਾਲ ਵਧਦਾ ਹੈ, ਜਿਸ ਨਾਲ ਦਿਲ ਦੀਆਂ ਬੀਮਾਰੀਆਂ, ਬਲੱਡ ਪ੍ਰੈਸ਼ਰ ਅਤੇ ਸ਼ੂਗਰ ਵਰਗੇ ਰੋਗ ਪੈਦਾ ਹੋ ਜਾਂਦੇ ਹਨ। ਅੱਜ ਦੇ ਸਮੇਂ ਵਿੱਚ ਡਾਕਟਰ ਵੀ ਛੋਟੀ ਤੋਂ ਛੋਟੀ ਬੀਮਾਰੀ ਦਾ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਟੈਸਟਾਂ ਕਰਾਉਣਾ ਜ਼ਰੂਰੀ ਸਮਝਦੇ ਹਨ। ਜਦਕਿ ਪੁਰਾਣੇ ਸਮਿਆਂ ਵਿੱਚ ਦੇਸੀ ਵੈਦ ਹੱਥ ਦੀ ਨਬਜ਼ ਵੇਖ ਕੇ ਬੀਮਾਰੀ ਲੱਭ ਲੈਂਦੇ ਸਨ ਛੋਟੀ ਉਮਰ ਵਿੱਚ ਹੀ ਬੱਚੇ ਕਮਜ਼ੋਰੀ ਅਤੇ ਥਕਾਵਟ ਮਹਿਸੂਸ ਕਰਨ ਲੱਗ ਪੈਂਦੇ ਹਨ। ਬਾਹਰਲੇ ਖਾਣੇ ਵਿੱਚ ਵਰਤੇ ਜਾਣ ਵਾਲੇ ਤੇਲ ਨੂੰ ਕਈ ਵਾਰ ਦੁਬਾਰਾ ਗਰਮ ਕੀਤਾ ਜਾਂਦਾ ਹੈ, ਜੋ ਸਰੀਰ ਲਈ ਬਹੁਤ ਨੁਕਸਾਨਦਾਇਕ ਹੁੰਦਾ ਹੈ। ਇਸ ਨਾਲ ਪੇਟ ਦੀਆਂ ਬੀਮਾਰੀਆਂ, ਅਜੀਰਨ, ਗੈਸ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਵਧਦੀਆਂ ਹਨ। ਕੋਲਡ ਡ੍ਰਿੰਕ ਅਤੇ ਜੰਕ ਫੂਡ ਹੱਡੀਆਂ ਨੂੰ ਕਮਜ਼ੋਰ ਕਰਦੇ ਹਨ ਅਤੇ ਦੰਦਾਂ ਨੂੰ ਵੀ ਖਰਾਬ ਕਰਦੇ ਹਨ। ਡਾਕਟਰਾਂ ਦਾ ਮੰਨਣਾ ਹੈ ਕਿ ਲਗਾਤਾਰ ਫਾਸਟ ਫੂਡ ਖਾਣ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਤਾਕਤ ਵੀ ਘਟ ਜਾਂਦੀ ਹੈ।ਫਾਸਟ ਫੂਡ ਸਿਰਫ ਸਰੀਰ ਹੀ ਨਹੀਂ, ਸਗੋਂ ਮਨੁੱਖ ਦੀ ਜੀਵਨ ਸ਼ੈਲੀ ਨੂੰ ਵੀ ਪ੍ਰਭਾਵਿਤ ਕਰਦਾ ਹੈ। ਘਰ ਦੇ ਸਾਦੇ ਅਤੇ ਪੌਸ਼ਟਿਕ ਖਾਣੇ ਦੀ ਥਾਂ ਬਾਹਰਲੇ ਖਾਣੇ ਦੀ ਆਦਤ ਲੋਕਾਂ ਨੂੰ ਸਿਹਤ ਤੋਂ ਦੂਰ ਕਰ ਰਹੀ ਹੈ। ਹਰੀਆਂ ਸਬਜ਼ੀਆਂ, ਫਲ, ਦਾਲਾਂ, ਦੁੱਧ ਅਤੇ ਘਰੇਲੂ ਭੋਜਨ ਹੀ ਚੰਗੀ ਸਿਹਤ ਦਾ ਅਸਲ ਆਧਾਰ ਹਨ। ਅੱਜ ਲੋੜ ਇਸ ਗੱਲ ਦੀ ਹੈ ਕਿ ਲੋਕ ਫਾਸਟ ਫੂਡ ਦੇ ਨੁਕਸਾਨਾਂ ਨੂੰ ਸਮਝਣ ਅਤੇ ਆਪਣੀ ਖ਼ੁਰਾਕ ਵਿੱਚ ਸਿਹਤਮੰਦ ਚੀਜ਼ਾਂ ਨੂੰ ਸ਼ਾਮਲ ਕਰਨ। ਜੇ ਅਸੀਂ ਅੱਜ ਸਾਵਧਾਨ ਨਾ ਹੋਏ ਤਾਂ ਆਉਣ ਵਾਲੀਆਂ ਪੀੜ੍ਹੀਆਂ ਕਈ ਗੰਭੀਰ ਬੀਮਾਰੀਆਂ ਦਾ ਸ਼ਿਕਾਰ ਹੋ ਸਕਦੀਆਂ ਹਨ। ਜਿਸ ਨਾਲ ਮਨੁੱਖ ਦਾ ਜ਼ਿਆਦਾ ਤੋਂ ਜ਼ਿਆਦਾ ਆਰਥਿਕ ਨੁਕਸਾਨ ਤੇ ਹੁੰਦਾ ਹੀ ਹੈ ਬਲਕਿ ਸਰੀਰਕ ਤੌਰ ਤੇ ਵੀ ਕਮਜ਼ੋਰੀ ਆ ਜਾਂਦੀ ਹੈ।ਚੰਗੀ ਸਿਹਤ ਹੀ ਮਨੁੱਖ ਦੀ ਸਭ ਤੋਂ ਵੱਡੀ ਪੂੰਜੀ ਹੈ, ਇਸ ਲਈ ਸਿਹਤਮੰਦ ਰਹਿਣ ਲਈ ਘੱਟ ਤੋ ਘੱਟ ਘਰ ਵਿੱਚ ਬਣੀਆਂ ਹੋਈਆਂ ਖਾਣ-ਪੀਣ ਦੀਆਂ ਵਸਤੂਆਂ ਨੂੰ ਆਪਣੀ ਪਹਿਲ ਬਣਾਉਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

# ਅਲੋਪ ਹੋਈਆਂ ਪੱਖੀਆਂ



ਹੁਣ ਸਾਡੇ ਸੱਭਿਆਚਾਰਕ ਖ਼ਜ਼ਾਨੇ ਵਿੱਚੋਂ ਅਲੋਪ ਹੁੰਦੀਆਂ ਜਾ ਰਹੀਆਂ ਹਨ। ਨਵੀਂ ਪੀੜ੍ਹੀ ਲਈ ਇਹ ਬੁਝਾਰਤ ਬਣ ਚੁੱਕੀਆਂ ਹਨ।

'ਪੱਖੀ' ਕਦੇ ਪੰਜਾਬ ਦੇ ਘਰਾਂ ਦਾ ਸ਼ਿੰਗਾਰ ਹੋਇਆ ਕਰਦੀ ਸੀ। ਅਤਿ ਆਧੁਨਿਕ ਬਿਜਲਈ ਯੰਤਰ ਪੱਖੇ, ਕੂਲਰ ਅਤੇ ਏ.ਸੀ.ਨੇ ਸਾਡੇ ਬਜ਼ੁਰਗਾਂ ਦੀ ਕਾਢ ਪੱਖੀ ਨੂੰ ਹੁਣ ਖੱਲ ਖੂੰਜੇ ਲਾ ਦਿੱਤਾ ਹੈ।

ਪੱਖੀ ਸਾਡੇ ਸੱਭਿਆਚਾਰ ਦੀ ਰੰਗਲੀ ਨਿਸ਼ਾਨੀ ਤੇ ਪੰਜਾਬਣਾਂ ਦੀ ਸ਼ਿੰਗਾਰ ਲੋਕ ਕਲਾ ਸੀ। ਪਿੰਡ ਦੀਆਂ ਵਿਆਹੀਆਂ ਤੇ ਅਣਵਿਆਹੀਆਂ ਵਿਹਲੇ ਸਮੇਂ ਵਿੱਚ ਪੱਖੀਆਂ, ਸਿਰਹਾਣੇ, ਚਾਦਰਾਂ ਅਤੇ ਫੁਲਕਾਰੀਆਂ ਕੱਢਦੀਆਂ ਸਨ। ਕੁਆਰੀਆਂ ਕੁੜੀਆਂ ਆਪਣੇ ਵਿਆਹ ਦੇ ਦਾਜ ਲਈ ਪੱਖੀਆਂ ਜ਼ਰੂਰ ਬਣਾਉਂਦੀਆਂ ਸੀ। ਦਾਜ ਵਿੱਚ 11 ਜਾਂ 21 ਪੱਖੀਆਂ ਸ਼ਗਨ ਦੇ ਤੌਰ 'ਤੇ ਦਿੱਤੀਆਂ ਜਾਂਦੀਆਂ ਸੀ।

ਗਰਮੀ ਤੇ ਪੱਖੀ ਦਾ ਆਪਸ ਵਿੱਚ ਬਹੁਤ ਗੂੜ੍ਹਾ ਰਿਸ਼ਤਾ ਹੁੰਦਾ ਸੀ। ਗਰਮੀ ਵਿੱਚ ਪਸੀਨਾ ਘਰਾਲਾਂ ਬਣ-ਬਣ ਚੋਂਦਾ ਅਤੇ ਹੁੰਮਸ ਜਾਨ ਕੱਢ ਲੈਂਦੀ ਸੀ। ਦਰੱਖਤਾਂ 'ਤੇ ਵੀ ਕੋਈ ਪੱਤਾ ਨਹੀਂ ਸੀ ਹਿੱਲਦਾ ਹੁੰਦਾ। ਜੇਠ, ਹਾੜ੍ਹ, ਸਾਉਣ ਤੇ ਭਾਦੋਂ ਦੀ ਅੱਤ ਦੀ ਗਰਮੀ ਵਿੱਚ ਜਦੋਂ ਬਿਜਲੀ ਚਲੀ ਜਾਂਦੀ ਸੀ ਤਾਂ ਪੱਖੀ ਦੀ ਯਾਦ ਆਉਂਦੀ ਸੀ।

ਪਹਿਲਾਂ ਅਤਿ ਦੀ ਗਰਮੀ ਵਿੱਚ ਲੋਕਾਂ ਲਈ ਪੱਖੀ ਹੀ ਗਰਮੀ ਤੋਂ ਬਚਣ ਦਾ ਇੱਕੋ ਇੱਕ ਸਾਧਨ ਹੁੰਦੀ ਸੀ। ਉਸ ਸਮੇਂ ਪਿੰਡਾਂ ਦੇ ਹਰੇਕ ਘਰ ਵਿੱਚ ਪੰਜ-ਸੱਤ ਕਢਾਈਦਾਰ ਵਧੀਆ ਝਾਲਰ ਵਾਲੀਆਂ ਪੱਖੀਆਂ ਜ਼ਰੂਰ ਹੁੰਦੀਆਂ ਸਨ। ਉਸ ਵਕਤ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਨ ਵਾਲੀ ਹਰ ਲੜਕੀ ਪੱਖੀ ਉੱਪਰ ਫੁੱਲ ਬੂਟੇ ਜ਼ਰੂਰ ਪਾਉਂਦੀ ਸੀ ਤੇ ਆਪਣੇ ਜੀਵਨ ਦੇ ਸੁਪਨਿਆਂ ਨੂੰ ਪੱਖੀ ਦੀ ਕਢਾਈ ਉੱਪਰ ਕਲਾ ਦਾ ਰੂਪ ਸਿਰਜਦੀ ਸੀ। ਉਸ ਵਕਤ ਲੜਕੀਆਂ ਵਿੱਚ ਪੱਖੀ 'ਤੇ ਕਢਾਈ ਕਰਨ ਦਾ ਵੱਖਰਾ ਹੀ ਜਨੂੰਨ ਹੁੰਦਾ ਸੀ। ਉਹ ਆਪਣੇ ਦਾਜ ਲਈ ਉਚੇਚੇ ਤੌਰ 'ਤੇ ਦਿਲਕਸ਼ ਪੱਖੀਆਂ ਤਿਆਰ ਕਰਦੀਆਂ ਸਨ। ਗਰਮੀ ਦੇ ਮੌਸਮ ਵਿੱਚ ਜਦੋਂ ਕੋਈ ਪ੍ਰਾਹੁਣਾ ਆਉਂਦਾ ਤਾਂ ਸਭ ਤੋਂ ਪਹਿਲਾਂ ਉਸ ਲਈ ਨਵੀਂ ਪੱਖੀ ਕੱਢ ਕੇ ਦਿੱਤੀ ਜਾਂਦੀ ਸੀ।

ਬੇਸ਼ੱਕ ਲੋਕ ਏ ਸੀ ਬਿਜਲੀ ਪੱਖੇ ਤੇ ਕੂਲਰਾਂ ਦਾ ਮਜ਼ਾ ਲੈਂਦੇ ਹਨ ਪਰ ਫਿਰ ਵੀ ਹੱਥ ਬੁਣੀਆਂ ਹੋਈਆਂ ਪੱਖੀਆਂ ਦੀ ਅਲੱਗ ਹੀ ਪਛਾਣ ਸੀ। ਕੋਈ ਵੇਲਾ ਸੀ ਔਰਤਾਂ ਦਾ ਪੱਖੀਆਂ, ਦਰੀਆਂ, ਮੰਜੇ ਬੁਣਨਾ ਆਮ ਸ਼ੌਕ ਸੀ।ਜੋ ਲੋੜ ਨੂੰ ਪੂਰਾ ਕਰਦੀਆਂ ਸੀ ਪਹਿਲਾਂ ਹੱਥ ਪੱਖੀ ਦਾ ਚੱਕਰਦਾਰ ਤਾਰ,ਜਿਸ ਵਿਚ ਮੁੱਠੀਨੁਮਾ ਹੱਥੀ ਜੜ੍ਹਤ ਹੁੰਦੀ ਹੈ,ਟ੍ਰੇਸ ਬਜ਼ਾਰ ਚੋਂ ਖਰੀਦਿਆ ਜਾਂਦਾ ਸੀ। ਫਿਰ ਉਸ ਤੇ ਕੁੜੀਆਂ ਰੰਗਦਾਰ ਰੇਸ਼ਮੀ ਧਾਗਿਆਂ ਦਾ ਤਾਣਾ ਪਾਉਂਦੀਆਂ ਸੀ ਫਿਰ ਸੂਈ ਵਿਚ ਧਾਗਾ ਕੇ ਉਸ ਨੂੰ ਬੁਣਿਆ ਜਾਂਦਾ ਹੈ ਬੜੀ ਮਿਹਨਤ ਨਾਲ ਬੁਣਦੀਆਂ ਉਹਦੇ ਤੇ ਰੀਝਾਂ ਨਾਲ ਵੇਲ ਬੂਟੇ ਤੇ ਮੋਰ ਘੁੱਗੀਆਂ ਆਦਿ ਦੇ ਨਮੂਨੇ ਪਾਉਂਦੀਆਂ ਸੀ, ਨਮੂਨੇ ਦੇਖਣਯੋਗ ਹੁੰਦੇ ਸੀ। ਪੱਖੀਆਂ ਬੁਣਨ ਤੋਂ ਬਾਅਦ ਇਹਦੇ ਆਲੇ ਦੁਆਲੇ ਝਾਲਰ ਨਮੂਨੇ ਦੀ ਬਣਾਈ ਜਾਂਦੀ ਸੀ। ਪਹਿਲਾਂ ਵਿਆਹਾਂ ਸ਼ਾਦੀਆਂ ਵਿੱਚ ਫੇਰਿਆਂ ਵੇਲੇ ਇਹ ਪੱਖੇ ਪੱਖੀਆਂ ਨਾਲ ਝੱਲਿਆ ਜਾਂਦਾ ਸੀ ਪਰ ਅੱਜ ਕੱਲ੍ਹ ਬਿਜਲੀ ਦੇ ਪੱਖੇ, ਕੂਲਰਾਂ,ਏ ਸੀ ਵਰਗੇ ਸਾਧਨਾਂ ਨੇ ਪੱਖੀਆਂ ਦੀ ਕਦਰ ਖੋਹ ਲਈ।

ਹੁਣ ਪਿੰਡਾਂ ਵਿੱਚ ਕੁੜੀਆਂ ਪੱਖੀਆਂ ਨਹੀਂ ਬਣਾਉਂਦੀਆਂ। ਇਸ ਲਈ ਦਾਜ ਵਿੱਚ ਵੀ ਨਹੀਂ ਦਿੱਤੀਆਂ ਜਾਂਦੀਆਂ। ਹੁਣ ਇਹ ਸਟੇਜੀ ਪ੍ਰੋਗਰਾਮਾਂ ਵਿੱਚ ਹੀ ਦੇਖਣ ਨੂੰ ਮਿਲਦੀਆਂ ਹਨ। ਅੱਜਕੱਲ੍ਹ ਦੀਆਂ ਮੁਟਿਆਰਾਂ ਪੱਖੀਆਂ ਬਣਾਉਣ ਦੀ ਕਲਾ ਤੋਂ ਅਣਜਾਣ ਹਨ ਕਿਉਂਕਿ ਆਧੁਨਿਕ ਯੁੱਗ ਵਿੱਚ ਇਸ ਲਈ ਪੱਖੇ, ਕੂਲਰ ਤੇ ਏਸੀ ਮੌਜੂਦ ਹਨ।

**ਰਾਜਿੰਦਰ ਰਾਣੀ ਪਿੰਡ ਗੰਢੂਆਂ ਜ਼ਿਲ੍ਹਾ ਸੰਗਰੂਰ**
**8146859585**

# ਨਿਰਮੋਹੇ/ਮਿੰਨੀ ਕਹਾਣੀ

ਕਰਮਜੀਤ ਦੀ ਮੰਮੀ ਦੀ ਮੌਤ ਹੋਈ ਨੂੰ ਇੱਕ ਸਾਲ ਹੋ ਚੱਲਿਆ ਸੀ। ਮੰਮੀ ਦੀ ਮੌਤ ਤੋਂ ਬਾਅਦ ਉਹ ਇੱਕ ਵਾਰ ਵੀ ਪੇਕੇ ਨਹੀਂ ਗਈ ਸੀ। ਫੋਨ ਕਰਕੇ ਹੀ ਭਰਾ-ਭਰਜਾਈ ਦਾ ਹਾਲ-ਚਾਲ ਪੁੱਛਦੀ ਰਹਿੰਦੀ ਸੀ। ਉਸ ਨੂੰ ਭਰਾ-ਭਰਜਾਈ ਦਾ ਵੀ ਕਦੇ, ਕਦੇ ਫੋਨ ਆ ਜਾਂਦਾ ਸੀ। ਅੱਜ ਉਸ ਦਾ ਦਿਲ ਕੀਤਾ ਕਿ ਉਹ ਭਰਾ-ਭਰਜਾਈ ਨੂੰ ਮਿਲ ਕੇ ਆਵੇ। ਉਸ ਨੇ ਆਪਣੀ ਐਕਟਿਵਾ ਸਕੂਟਰੀ ਸਟਾਰਟ ਕੀਤੀ ਤੇ ਪੇਕੇ ਘਰ ਨੂੰ ਤੁਰ ਪਈ।ਉਹ ਚਾਲੀ ਕੁ ਮਿੰਟਾਂ ਵਿੱਚ ਪੇਕੇ ਘਰ ਪਹੁੰਚ ਗਈ।ਉਸ ਦੇ ਭਰਾ-ਭਰਜਾਈ ਘਰ ਹੀ ਸਨ। ਉਹ ਦੋਵੇਂ ਉਸ ਨੂੰ ਵੇਖ ਕੇ ਖੜ੍ਹ ਗਏ ਤੇ ਉਸ ਨੂੰ ਗਲ਼ ਲੱਗ ਕੇ ਮਿਲੇ।

"ਮੈਂ ਤੇ ਤੇਰਾ ਭਾਅ ਜੀ ਤੈਨੂੰ ਬਹੁਤ ਮਿੱਸ ਕਰਦੇ ਸੀ। ਬੱਸ ਕੰਮਾਂ-ਕਾਰਾਂ ਤੋਂ ਵਿਹਲ ਨ੍ਹੀ ਮਿਲਦਾ। ਆ ਬੈਠ ਸੋਫੇ ਤੇ। ਮੈਂ ਚਾਹ-ਪਾਣੀ ਲੈ ਕੇ ਆਵਾਂ।"ਕਰਮਜੀਤ ਦੀ ਭਰਜਾਈ ਨੇ ਆਖਿਆ। ਕਰਮਜੀਤ ਸੋਫੇ ਤੇ ਬੈਠ ਗਈ। ਕੁੱਝ ਮਿੰਟਾਂ ਪਿੱਛੋਂ ਉਸ ਦੀ ਭਰਜਾਈ ਚਾਹ-ਪਾਣੀ ਲੈ ਕੇ ਆ ਗਈ। ਤਿੰਨਾਂ ਨੇ ਬੈਠ ਕੇ ਚਾਹ- ਪਾਣੀ ਪੀਤਾ ਤੇ ਢੇਰ ਸਾਰੀਆਂ ਗੱਲਾਂ ਕੀਤੀਆਂ। ਕਰਮਜੀਤ ਨੂੰ ਕਈ ਜ਼ਨਾਨੀਆਂ ਨੇ ਦੱਸਿਆ ਸੀ ਕਿ ਮਾਵਾਂ ਤੋਂ ਬਾਅਦ ਪੇਕੇ ਘਰ ਕੁੜੀਆਂ ਨੂੰ ਕੋਈ ਨ੍ਹੀ ਪੁੱਛਦਾ। ਭਰਾ-ਭਰਜਾਈ ਨਿਰਮੋਹੇ ਹੋ ਜਾਂਦੇ ਆ। ਕੁੜੀਆਂ ਦੀ ਪੇਕੇ ਘਰ ਪਹਿਲੇ ਜਿੰਨੀ ਕਦਰ ਨ੍ਹੀ ਹੁੰਦੀ। ਪਰ ਅੱਜ ਉਸ ਦੇ ਭਰਾ-ਭਰਜਾਈ ਨੇ ਇਹ ਗੱਲਾਂ ਝੂਠੀਆਂ ਸਾਬਤ ਕਰ ਦਿੱਤੀਆਂ। ਦੋ -ਤਿੰਨ ਘੰਟਿਆਂ ਪਿੱਛੋਂ ਜਦ ਉਹ ਵਾਪਸ ਆਣ ਲਈ ਉੱਠ ਕੇ ਖੜ੍ਹੀ ਹੋਈ,ਤਾਂ ਉਸ ਦੀ ਭਰਜਾਈ ਨੇ ਪੰਜ ਸੌ ਦਾ ਨੋਟ ਫੜਾਂਦਿਆਂ ਆਖਿਆ,"ਦੀਦੀ ਛੇਤੀ, ਛੇਤੀ ਆ ਜਾਇਆ ਕਰ। ਸਾਨੂੰ ਇੱਥੇ ਮਿਲਣ ਨੂੰ ਕਿਹੜਾ ਹੋਰ ਕੋਈ ਆ।" "ਭਾਬੀ ਮੈਨੂੰ ਪੈਸੇ ਨ੍ਹੀ ਚਾਹੀਦੇ। ਬੱਸ ਮੈਂ ਇਹੋ ਚਾਹੰਨੀ ਆਂ ਕਿ ਤੁਸੀਂ ਕਦੇ ਵੀ ਨਿਰਮੋਹੇ ਨਾ ਬਣਿਉਂ। ਜਿੱਦਾਂ ਅੱਜ ਤੁਸੀਂ ਮੋਹ ਨਾਲ ਮਿਲੇ ਹੋ, ਸਦਾ ਏਦਾਂ ਹੀ ਮਿਲਦੇ ਰਹਿਣਾ।" ਏਨਾ ਕਹਿ ਕੇ ਉਸ ਨੇ ਭਰਾ-ਭਰਜਾਈ ਤੋਂ ਜਾਣ ਦੀ ਆਗਿਆ ਲਈ ਤੇ ਸਕੂਟਰੀ ਸਟਾਰਟ ਕਰਕੇ ਆਪਣੇ ਪੇਕੇ ਘਰ ਤੋਂ ਤੁਰ ਪਈ।

**ਮਹਿੰਦਰ ਸਿੰਘ ਮਾਨ ਫੋਨ 9915803554**

# ਜ਼ਲੀਲ/ਮਿੰਨੀ ਕਹਾਣੀ

ਲਕਸ਼ਮੀ ਕਰਿਆਨਾ ਸਟੋਰ ਤੇ ਕੰਮ ਕਰਦੇ ਨੂੰ ਸੋਢੀ ਨੂੰ ਇੱਕ ਸਾਲ ਹੋ ਚੱਲਿਆ ਸੀ। ਕਰਿਆਨੇ ਸਟੋਰ ਦੇ ਮਾਲਕ ਹਰੀਸ਼ ਨੇ ਸੋਢੀ ਨੂੰ ਛੇ ਕੁ ਮਹੀਨਿਆਂ ਦੀ ਤਨਖਾਹ ਬੜੀ ਮੁਸ਼ਕਲ ਨਾਲ ਦਿੱਤੀ ਸੀ। ਜੇਬ 'ਚੋਂ ਪੈਸੇ ਕੱਢਣ ਵੇਲੇ ਜਿਵੇਂ ਉਸ ਨੂੰ ਸੱਪ ਹੀ ਸੁੰਘ ਜਾਂਦਾ ਸੀ। ਅੱਜ ਮਹੀਨੇ ਦੀ ਦਸ ਤਰੀਕ ਹੋ ਗਈ ਸੀ, ਪਰ ਹਰੀਸ਼ ਨੇ ਸੋਢੀ ਨੂੰ ਤਨਖਾਹ ਨਹੀਂ ਦਿੱਤੀ ਸੀ। ਸੋਢੀ ਨੇ ਹੌਸਲਾ ਕਰਕੇ ਹਰੀਸ਼ ਨੂੰ ਆਖਿਆ, ਅੰਕਲ ਜੀ, ਮੇਰੇ ਡੈਡੀ ਨੇ ਕੁੱਛ ਦਿਨ ਹੋਏ, ਪੇਟ ਦੀ ਸਕੈਨਿੰਗ ਕਰਵਾਈ ਸੀ। ਉਸ ਦੇ ਪਿੱਤੇ 'ਚ ਪੱਥਰੀ ਆ। ਮੇਰੇ ਡੈਡੀ ਨੇ ਅਪਰੇਸ਼ਨ ਕਰਵਾਣਾ ਆਂ। ਮੈਨੂੰ ਬਾਕੀ ਰਹਿੰਦੇ ਮਹੀਨਿਆਂ ਦੀ ਤਨਖਾਹ ਦੇ ਦਿਉ, ਤਾਂ ਕਿ ਮੇਰਾ ਡੈਡੀ ਅਪਰੇਸ਼ਨ ਕਰਵਾ ਸਕੇ।

ਤੂੰ ਹਰ ਵੇਲੇ ਤਨਖਾਹ, ਤਨਖਾਹ ਕਰੀ ਜਾਇਆ ਕਰ। ਤੇਰੀ ਤਨਖਾਹ ਦੇ ਪੈਸਿਆਂ ਨਾਲ ਕਿਹੜਾ ਤੇਰੇ ਡੈਡੀ ਦਾ ਅਪਰੇਸ਼ਨ ਹੋ ਜਾਣਾ। ਨਾਲੇ ਪੈਸੇ ਮੈਂ ਤੈਨੂੰ ਉਦੋਂ ਦੇਵਾਂਗਾ, ਜਦੋਂ ਮੇਰੇ ਕੋਲ ਹੋਣਗੇ। ਹਾਲੇ ਚੁੱਪ ਕਰਕੇ ਏਦਾਂ ਹੀ ਕੰਮ ਕਰੀ ਜਾਹ। ਜੇ ਨਹੀਂ ਕੰਮ ਕਰਨਾ, ਤਾਂ ਇੱਥੋਂ ਚੱਲਦਾ ਬਣ। ਹਰੀਸ਼ ਨੇ ਗੁੱਸੇ 'ਚ ਆਖਿਆ। 'ਪੈਸੇ ਤਾਂ ਮੈਂ ਲੈ ਕੇ ਹੀ ਜਾਊਂਗਾ, ਚਾਹੇ ਜੋ ਮਰਜ਼ੀ ਹੋ ਜਾਵੇ।' 'ਅੱਛਾ, ਹੁਣ ਤੇਰੇ 'ਚ ਆਕੜ ਵੀ ਆ ਗਈ ਆ। ਇਸ ਤੋਂ ਪਹਿਲਾਂ ਕਿ ਮੈਂ ਤੈਨੂੰ ਧੱਕੇ ਮਾਰ ਕੇ ਕੱਢਾਂ, ਚੁੱਪ ਕਰਕੇ ਇੱਥੋਂ ਦਫਾ ਹੋ ਜਾ।' ਹਰੀਸ਼ ਨੇ ਹੋਰ ਤਲਖੀ ਨਾਲ ਕਿਹਾ। ਹੋਰ ਜ਼ਲੀਲ ਹੋਣ ਨਾਲੋਂ ਸੋਢੀ ਨੇ ਉੱਥੋਂ ਜਾਣਾ ਹੀ ਠੀਕ ਸਮਝਿਆ। ਉਹ ਨਿਰਾਸ਼ ਹੋ ਕੇ ਹੌਲੀ, ਹੌਲੀ ਆਪਣੇ ਘਰ ਨੂੰ ਤੁਰ ਪਿਆ। ਉਹ ਘਰ ਪਹੁੰਚਣ ਹੀ ਵਾਲਾ ਸੀ ਕਿ ਪਿੱਛੋਂ ਸਾਈਕਲ ਤੇ ਆ ਰਹੇ ਉਸ ਦੇ ਗੁਆਂਢੀ ਭੀਰੇ ਨੇ ਆਖਿਆ, 'ਮੈਂ ਲਕਸ਼ਮੀ ਕਰਿਆਨਾ ਸਟੋਰ ਤੋਂ ਖਾਣ-ਪੀਣ ਦਾ ਸਾਮਾਨ ਲੈਣ ਗਿਆ ਸੀ। ਮੈਨੂੰ ਸਾਮਾਨ ਦਿੰਦਾ, ਦਿੰਦਾ ਹਰੀਸ਼ ਠਾਹ ਕਰਦਾ ਥੱਲੇ ਡਿੱਗ ਪਿਆ। ਹੁਣ ਉਸ ਨੂੰ ਗੱਡੀ 'ਚ ਪਾ ਕੇ ਰਾਜਾ ਹਸਪਤਾਲ ਲੈ ਗਏ ਆ। ਪਤਾ ਨ੍ਹੀ ਹੁਣ ਵਿਚਾਰੇ ਦਾ ਕੀ ਹਾਲ ਆ ?'

' ਇਹ ਤਾਂ ਬਹੁਤ ਮਾੜਾ ਹੋਇਆ।' ਏਨਾ ਕਹਿ ਕੇ ਸੋਢੀ ਆਪਣੇ ਘਰ ਅੰਦਰ ਚਲਾ ਗਿਆ। ਫਿਰ ਪਤਾ ਨਹੀਂ ਕੀ ਸੋਚ ਕੇ ਉਸ ਨੇ ਆਪਣੇ ਡੈਡੀ ਵਾਲਾ ਸਾਈਕਲ ਚੁੱਕਿਆ ਤੇ ਰਾਜਾ ਹਸਪਤਾਲ ਨੂੰ ਤੁਰ ਪਿਆ, ਜੋ ਕਿ ਉਸ ਦੇ ਘਰ ਤੋਂ ਬਾਰਾਂ ਕੁ ਕਿਲੋਮੀਟਰ ਦੂਰ ਸੀ।

**ਮਹਿੰਦਰ ਸਿੰਘ ਮਾਨ**
**ਫੋਨ 9915803554**

# ਪ੍ਰੀਤ ਫੁਲਵਾੜੀ

## ਕਵਿਤਾ

ਉਹ ਮਾਵਾਂ,ਇਹ ਮਾਵਾਂ
ਮਾਂ ਬਿਨਾਂ ਜਗ ਘੁੱਪ ਹਨੇਰਾ ?,
ਕਹਿੰਦੇ ਲੋਕ ਸਿਆਣੇ।
ਖੋਹ ਲੈਂਦੇ ਟੁੱਕ ਹੱਥਾਂ ਵਿੱਚੋਂ ?,
ਕਾਂ ਕਾਲੇ ਮਰ ਜਾਣੇ।
ਚਾਅ ਮੁੱਕ ਜਾਣ ਦਿਲਾਂ ਦੇ ?,ਰੁਲਦੇ
ਗਲੀਆਂ ਵਿੱਚ ਨਿਆਣੇ।
ਜਿਹਨਾਂ ਕੋਲੇ ਮਾਂ ਨਹੀਂ ਹੁੰਦੀ ?,
ਘਾਟਾਂ ਉਹੀ 'ਜਾਣੇ।
ਕਈ ਮਾਵਾਂ ਮਾਵਾਂ ਨੀਂ ਹੁੰਦੀਆਂ ?,
ਰੱਖਦੀਆਂ ਭੁੱਖਣ ਭਾਣੇ।
ਨਾਲ ਮਸੂਮਾਂ ਦਗਾ ਕਮਾਉਂਦੀਆਂ ?,
ਮੱਲਦੀਆਂ ਹੋਰ ਟਿਕਾਣੇ।
ਕੀਤੇ ਕਿਹੜੇ ਪਾਪ ਇਹਨਾਂ ਨੇ,
ਜਾਂ ਮੰਨ ਲਈਏ ਭਾਣੇ।
ਉਹਨਾਂ ਮਾਵਾਂ ਨੂੰ ਕੀ ਕਹੀਏ,
ਜੋ ਦਿੰਦੀਆਂ ਜ਼ਹਿਰੀ ਖਾਣੇ।
ਇੱਕ ਪੱਖ ਨਾ ਰੱਖੀਏ 'ਪੱਤੋ',
ਚਾਹੀਏ ਦੋਵੇਂ ਪੱਖ ਦਰਸਾਣੇ।
**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417**

## ਵੋਟ ਪਾ ਦਿਓ

ਚਾਰੇ ਪਾਸੇ ਸ਼ੋਰ ਹੈ ਮਚਿਆ
ਰਾਜ ਕਰਨ ਦਾ ਵੇਲਾ ਆਇਆ
ਜਨ ਸੇਵਾ ਕਰ ਮਿਲੇ ਖੁਦਾਈ
ਵੋਟ ਪਾ ਦਿਓ ਮੈਨੂੰ ਬਾਈ
ਲਾਰਿਆ ਨਾਲ ਨਾ ਡੰਗ ਟਪਾਵਾਂ
ਸੌ ਗੱਲਾਂ ਦੀ ਇੱਕ ਸੁਣਾਵਾਂ
ਲਿਸਟ ਕੰਮਾ ਦੀ ਦਿੰਦਾ ਜਾਈ
ਵੋਟ ਪਾ ਦਿਓ ਮੈਨੂੰ ਬਾਈ
ਬਹੁਤ ਆ ਗਏ, ਹੋਰ ਵੀ ਆਉਣੇ
ਲਾਰਿਆਂ ਦੀ ਪੰਡ ਨਾਲ ਲਿਆਉਂਦੇ
ਉਹਨਾਂ ਦੀਆਂ ਗੱਲਾਂ ਚ ਨਾ ਆਈ
ਵੋਟ ਪਾ ਦਿਓ ਮੈਨੂੰ ਬਾਈ
ਨਸ਼ੇ ਨੋਟ ਦਾ ਮੀਂਹ ਵੀ ਆਉਣਾ
ਭਿੱਜ ਭਿੱਜ ਲੋਕਾਂ ਖੁਸ਼ੀ ਮਨਾਉਣਾ
ਜਮੀਰ ਵਾਲੀ ਤੂੰ ਛੱਤਰੀ ਫੜਾਈ
ਵੋਟ ਪਾ ਦਿਓ ਮੈਨੂੰ ਬਾਈ
ਪੰਜ ਸਾਲ ਤੁਸਾਂ ਕਸਟ ਹੰਡਾਇਆ
ਕੰਮ ਨੂੰ ਕਿਸੇ ਹੱਥ ਨਾ ਲਾਇਆ
ਇਸ ਵਾਰੀ ਮੈਨੂੰ ਅਜਮਾਈ
ਵੋਟ ਪਾ ਦਿਓ ਮੈਨੂੰ ਬਾਈ
ਇਹ ਸ਼ਬਦ ਹਰ ਨੇਤਾ ਸੁਣਾਊ
ਪਰ ਲੋਕਤੰਤਰ ਦਾ ਥੰਮ ਲੁਕਾਈ
ਧਾਲੀਵਾਲਾ ਚੰਗਾ ਕਿਰਦਾਰ ਦੇਖ ਕੇ
ਉਸ ਦੇ ਨਾਮ ਤੇ ਮੋਹਰ ਤੂੰ ਲਾਈ
**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ**

## ਦਿੱਲੀ,ਲਾਹੌਰ

ਅੱਜ ਢਾਹ ਦਿਓ ਕੰਧਾਂ ਕੂੜ ਦੀਆਂ,
ਮੇਟ ਦਿਓ ਲਕੀਰਾਂ ਨੂੰ।
ਕਰੋ ਨੇੜ ਪੰਜੇ ਨਨਕਾਣੇ ਨੂੰ,
ਦੂਰ ਦੀਆਂ ਤਸਵੀਰਾਂ ਨੂੰ।
ਹੁਣ ਵਿੱਛੜੇ ਭਾਈ ਮੇਲ ਦਿਓ,
ਦੇਵੋ ਜੋੜ ਤਕਦੀਰਾਂ ਨੂੰ।
ਕਈ ਜੋਗ ਟਿੱਲੇ ਤੋਂ ਲੈ ਜਾਵਣ,
ਵਰ ਲੈਣ ਰਾਂਝੇ ਹੀਰਾਂ ਨੂੰ।
ਮਿਲ ਲੈਣ ਗੱਲ ਲੱਗ ਕਈ,
ਆਪਣੇ ਵਿਛੜੇ ਵੀਰਾਂ ਨੂੰ।
ਕੱਟ ਦੇਵੋ ਤਾਰਾਂ ਲੱਗੀਆਂ ਨੂੰ,
ਪੈਰੀਂ ਪਈਆਂ ਜੰਜੀਰਾਂ ਨੂੰ।
ਅੱਜ ਦਿੱਲੀ ਲਾਹੌਰ ਮਿਲਾ ਦੇਵੋ,
ਹੈ ਅਰਜ ਸਾਡੀ ਵਜੀਰਾਂ ਨੂੰ।
ਅੱਜ ਧਰਤੀ ਧਾਹਾਂ ਮਾਰਦੀ,
ਤੱਕ ਬੈਠੇ ਮੀਰ ਸ਼ਮੀਰਾਂ ਨੂੰ।
ਕੋਈ ਅੱਲ੍ਹਾ ਕਹੇ ਕੋਈ ਰਾਮ ਕਹੇ,
ਗੁਰੂ ਕਹੇ ਕੋਈ ਪੀਰਾਂ ਨੂੰ।
ਜਖਮ ਅੱਲੇ ਢੱਕ ਲੈਣ ਦਿਓ,
ਅਰਾਮ ਆਵੇ ਦਿੱਤੇ ਚੀਰਾਂ ਨੂੰ।
ਪੱਤੋ, ਮਾਂ ਧਰਤੀ ਹਾਉਂਕੇ ਭਰਦੀ ਏ,
ਤੱਕ ਇੱਜਤ ਹੋਈ ਲੀਰਾਂ ਨੂੰ।
**ਹਰਪ੍ਰੀਤ ਪੱਤੋ 94658-21417**

## 'ਸਰਮਸਾਰ ਹਾਂ ਮੈਂ.....

ਬੜਾ ਚੰਗਾ ਹੁੰਦਾ,
ਜੇ ਮੈਂ ਗੁਲਾਮ ਹੁੰਦਾ,
ਕਿਸੇ ਹੋਰ ਦੇਸ ਦਾ...!
ਘੱਟੋ ਘੱਟ,
ਮੈਨੂੰ ਦੁੱਖ ਨਾ ਹੁੰਦਾ,
ਕਿ ਮੈਂ ਆਪਣੇ ਹੀ ਦੇਸ ਵਿੱਚ,
ਆਪਣੇ ਹੀ ਲੋਕਾਂ ਦਾ ਗੁਲਾਮ ਹਾਂ...!
ਮੈਨੂੰ ਸਰਮ ਨਾ ਆਉਂਦੀ,
ਕਿ ਮੇਰੇ ਦੇਸ ਦੇ ਰਖਵਾਲੇ, ਜੋ,
ਅੱਜ ਲੋਭੀ ਬਣੇ ਬੈਠੇ ਨੇ,
ਉਹਨਾਂ ਦਾ,
ਕੁਰਸੀ ਪ੍ਰਤੀ ਅੰਨ੍ਹੇਵਾਹ ਮੋਹ,
ਖਿੱਲੀ ਉਡਾ ਰਿਹਾ,
ਮੇਰੇ ਦੇਸ ਦੇ ਸਹੀਦਾਂ ਦੀ...!
ਮਿੱਟੀ ਵਿੱਚ ਮਿਲ ਗਈ,
ਓਹਨਾਂ ਸਹੀਦਾਂ ਦੀ ਕੁਰਬਾਨੀ,
ਜੋ ਜਵਾਨੀ ਪਹਿਰੇ,
ਮੌਤ ਨਾਲ ਇਸਕ ਕਰ,
ਵਫਾਦਾਰ ਰਹੇ ਆਪਣੇ ਦੇਸ ਪ੍ਰਤੀ...!
ਹਿੱਕ ਤੇ ਗੋਲੀਆਂ ਖਾਂਦੇ,
ਫਾਂਸੀ ਦੇ ਰੱਸੇ ਚੁੰਮਦੇ,
ਅੱਖਾਂ ਵਿੱਚ ਅਣਮੁੱਲੀ ਚਮਕ,
ਆਪਣੇ ਦੇਸ ਨੂੰ ਆਜਾਦ ਦੇਖਣ ਦਾ ਸੁਫਨਾ,
ਅੱਖਾਂ 'ਚ ਲੈਕੇ,
ਖੁਸੀ ਖੁਸੀ ਸੌਂ ਗਏ,
ਧਰਤ ਦੀ ਬੁੱਕਲ ਵਿੱਚ...!
ਲੱਖਾਂ ਹੀ ਔਕੜਾਂ ਪਿੱਛੋਂ,
15 ਅਗਸਤ ਦਾ ਦਿਨ,
ਸੁਤੰਤਰਤਾ ਦਿਵਸ ਵਜੋਂ,
ਕੁੱਝ ਪਲਾਂ ਦੀਆਂ ,
ਉਧਾਰੀਆਂ ਖੁਸੀਆਂ ਬਦਲੇ,
ਆਪਣਿਆ ਦੇ ਹੱਥੋਂ,
ਗੁਲਾਮੀ ਦੀ ਸਜਾ ਸੁਣਾ ਗਿਆ...!
ਸਰਮਸਾਰ ਹਾਂ ਮੈਂ,
ਕਿ,
ਆਜਾਦੀ ਦੀ ਆੜ ਵਿੱਚ,
ਆਪਣੇ ਹੀ ਦੇਸ ਨੂੰ ਲੁੱਟਣ ਦਾ ਧੰਦਾ,
ਬੜੇ ਜੋਰਾਂ ਤੇ ਹੈ...!
ਸਰਮਸਾਰ ਹਾਂ ਮੈਂ, ਕਿ,
ਆਪਣੇ ਹੀ ਦੇਸ ਵਿੱਚ,
ਆਪਣੇ ਹੀ ਲੋਕਾਂ ਨਾਲ,
ਆਪਣੇ ਹੱਕਾਂ ਦੇ ਲਈ,
ਆਜਾਦੀ ਦੀ ਜੰਗ ਲੜ ਰਿਹਾ ਹਾਂ ਮੈਂ...!
ਇਸ ਲਈ,
ਚੰਗਾ ਹੁੰਦਾ,
ਜੇ ਮੈਂ ਗੁਲਾਮ ਹੁੰਦਾ,
ਕਿਸੇ ਹੋਰ ਦੇਸ ਦਾ,
ਘੱਟੋ ਘੱਟ ਮੈਨੂੰ ਸਰਮ ਨਾ ਆਉਂਦੀ,
ਕਿ ਮੈਂ ਆਪਣੇ ਹੀ ਦੇਸ ਵਿੱਚ,
ਆਪਣੇ ਹੀ ਲੋਕਾਂ ਦਾ ਗੁਲਾਮ ਹਾਂ...!
**'ਮਨਦੀਪ ਕੌਰ ਤੰਬੂਵਾਲਾ'**

## ਕਾਲਾ ਕਾਂ

ਇੱਕ ਦਿਨ ਪੰਛੀ ਕੱਠੇ ਹੋ ਕੇ,
ਕੋਲ ਕਾਂ ਦੇ ਆਏ।
ਸਾਡੇ ਬੋਟ ਕਿਓਂ ਨੋਚਦਾ,
ਆਪਣੇ ਦੁੱਖ ਸੁਣਾਏ।
ਕਾਂ ਕਾਂ ਕਰਕੇ ਰੌਲਾ ਪਾਉਣੈਂ,
ਭੋਲ਼ਿਆ ਤਾਈਂ ਡਰਾਵੇਂ।
ਅਸੀਂ ਜਾਈਏ ਚੋਗ ਚੁਗਣ ਲਈ,
ਤੂੰ ਬੱਚੇ ਖਾ ਜਾਵੇਂ।
ਰੰਗ ਦਾ ਕਾਲਾ ਮਨ ਦਾ ਕਾਲਾ,
ਚਿੱਟਾ ਨਾ ਕੁਝ ਤੇਰਾ,
ਸਭ ਤੋਂ ਚਲਾਕ ਸਿਆਣਾਂ ਬਣਦੈਂ,
ਕੀ ਇੱਜਤ ਟੁੱਕ ਟੇਰਾ।
ਆਲ੍ਹਣਿਆਂ ਵਿੱਚ ਆਂਡੇ ਪੀਵੇਂ,
ਟਿਕਣ ਮੂਲ ਨਾ ਦੇਸਾਂ,
ਕੋਇਲ ਹੁਣ ਤੱਕ ਰੁਲਦੀ ਫਿਰਦੀ,
ਫਿਰਦੀ ਵਿੱਚ ਪ੍ਰਦੇਸਾਂ।
ਗੁੱਸੇ ਦੇ ਵਿੱਚ ਆਏ ਪੰਛੀਆਂ,
ਬਹੁ ਕੁਝ ਆਖ ਸੁਣਾਇਆ,
ਪੱਤੋ, ਕਾਂ ਬੇਸਰਮ ਹੋਗਿਆ,
ਜਾ ਪਹਾੜੀ ਡੇਰਾ ਲਾਇਆ।
**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ**
**94658-21417**

## ਗਜਲ

ਲਹਿਰਾਂ ਲੈਣ ਹੁਲਾਰੇ ਬਾਬਾ ਬੱਚ ਕੇ।
ਟੁਟਦੇ ਜਾਣ ਕਿਨਾਰੇ ਬਾਬਾ ਬੱਚ ਕੇ।
ਭੁੱਲ ਭੁਲੇਖੇ ਹੱਥ ਨਾ ਕਿਧਰੇ ਲਾ ਬੈਠੀਂ,
ਕੱਖਾਂ ਵਿੱਚ ਸਰਾਰੇ ਬਾਬਾ ਬੱਚ ਕੇ।
ਐਵੇਂ ਡੂੰਘੇ ਪਾਣੀ ਹੁਣ ਨਾ ਤਰਿਆ ਕਰ,
ਦਿੰਦਾ ਕੌਣ ਸਹਾਰੇ ਬਾਬਾ ਬੱਚ ਕੇ।
ਕਾਲੀ ਚੁੰਨੀ ਦੇ ਵਿੱਚ ਉਡਦੇ ਜਾਂਦੇ ਨੇ,
ਸੂਰਜ ਚੰਨ ਸਿਤਾਰੇ ਬਾਬਾ ਬੱਚ ਕੇ।
ਏਨੀਂ ਜਿ਼ਦ ਨਾ ਕਰ ਇੰਝ ਹੋ ਸਕਦਾ ਨਈਂ,
ਪੱਥਰ ਕੌਣ ਨਿਤਾਰੇ ਬਾਬਾ ਬੱਚ ਕੇ।
ਸੁੰਦਰਤਾ ਦੇ ਕਿੰਨੇ ਰੰਗ ਨਿਰਾਲੇ ਨੇ,
ਸੱਪਣੀ ਕੁੰਜ ਉਤਾਰੇ ਬਾਬਾ ਬੱਚ ਕੇ।
ਖੁਸਬੂਆਂ ਦੀ ਆਫਤ ਆਵਣ ਵਾਲੀ ਏ,
ਮੌਸਮ ਜੁਲਫ ਸੰਵਾਰੇ ਬਾਬਾ ਬੱਚ ਕੇ।
ਪੋਟੇ ਜਖਮੀ ਹੋ ਜਾਵਣਗੇ ਵੇਖ ਲਵੀਂ,
ਤੋੜੀਂ ਫੁੱਲ ਪਿਆਰੇ ਬਾਬਾ ਬੱਚ ਕੇ।
ਨੀਝ ਲਗਾਕੇ ਝਾਕ ਨਾ ਐਵੇਂ ਵਰਮੀ ਵਿਚ,
ਸੱਪਣੀ ਦੇ ਫੁੰਕਾਰੇ ਬਾਬਾ ਬੱਚ ਕੇ।
ਚਿੱਟੇ ਰੰਗ ਦੀ ਬਰਫ ਚ ਧੋਖੇ ਹੁੰਦੇ ਨੇ,
ਪਰਬਤ ਦੇਣ ਨਜਾਰੇ ਬਾਬਾ ਬੱਚ ਕੇ।
ਗਜਲ ਸੁਣਾ ਕੇ ਸਭ ਕੁੱਝ ਹੀ ਲੁੱਟ ਲੈਂਦੇ ਨੇ,
ਬਾਲਮ, ਦੇ ਵਣਜਾਰੇ ਬਾਬਾ ਬੱਚ ਕੇ।
**ਬਲਵਿੰਦਰ ਬਾਲਮ**
**919815625409**

## ਮੈਂ ਭੀ ਮਿੱਟੀ ਤੂੰ ਭੀ ਮਿੱਟੀ ਮਿੱਟੀ ਦਾ ਹੀ ਘੜਾ ਬਣਾਇਆ

ਮਿੱਟੀ ਪੁੱਛਦੀ ਮਿੱਟੀ ਨੂੰ ਦਸ ਕਿਮੇ ਹੱਥ ਘੜੇ ਨੂੰ ਲਾਇਆ
ਵੇਖੋ ਕਿਮੇ ਝੂਠੀ ਸ਼ਾਨ ਝੂਠੀ ਅਣਖ ਦੀ ਖਾਤਿਰ ਮਿੱਟੀ ਨੇ
ਅਛੂਤ ਦਸਕੇ ਮਿੱਟੀ ਨੂੰ ਮਿੱਟੀ ਖ਼ਾਤਿਰ ਮਾਰ ਮੁਕਾਈਆ।।
ਮਿੱਟੀ ਕਹਿੰਦੀ ਦਫ਼ਨ ਹੋਕੇ ਮਿੱਟੀ ਚ ਮਿੱਟੀ ਬਣ ਜਾਣਾ ਏ
ਜਿਸ ਮਿੱਟੀ ਵਿਚ ਕਲ ਹੱਲ ਜੋਤਕੇ ਤੂੰ ਅੰਨ ਉਗਾਣਾ ਏ
ਫੇਰ ਕਿਥੇ ਗਯਾ ਤੇਰਾ ਘਮੰਡ ਉੱਚ ਨੀਚ ਜਾਤੀਵਾਦ ਦਾ
ਯੇ ਅੰਨ ਮੇਰੇ ਜਿਸਮ ਦੀ ਮਿੱਟੀ ਚੋਂ ਉਗਿਆ ਹੀ ਖਾਣਾ ਏ।।
ਇਹ ਮੇਰੇ ਜਿਸਮ ਨੂੰ ਛੂਕੇ ਜੋ ਤੇਰੇ ਨਾਲ ਟਕਰਾਉਂਦੀ ਏ
ਤੂੰ ਅਪਵਿੱਤਰ ਹੋ ਜਾਣਾ ਕਯੋਂ ਸਮਝ ਨ ਤੈਨੂੰ ਆਉਂਦੀ ਏ
ਸਾਹ ਲੈਣਾ ਹੀ ਛੱਡ ਦੇ ਬੰਦਿਆਂ ਏ ਹਵਾ ਭੀ ਅਛੂਤ ਹੈ
ਜੋ ਮੇਰੇ ਸਾਹਾਂ ਚੋ ਨਿੱਕਲਕੇ ਤੇਰੇ ਸਾਹਾਂ ਚ ਸਮੋਉਂਦੀ ਏ।।
ਮੀਂਹ ਪੈਣ ਤੇ ਮਿੱਟੀ ਜਿਸਮ ਦੀ ਪਾਣੀ ਚ ਘੁੱਲ ਜਾਏਗੀ
ਕਿਮੇਂ ਕਰੇਂਗਾ ਵੱਖ ਪਾਣੀ ਚੋਂ ਜੋ ਪਾਣੀ ਹੀ ਬਣ ਜਾਏਗੀ
ਤੈਨੂੰ ਬੂ ਪਾਣੀ ਚੋਂ ਆਊਗੀ ਜਦ ਘੁਟ ਭਰੇਂਗਾ ਪਾਣੀ ਦਾ
ਫੇਰ ਦੱਸ ਕਿਮੇ ਪਿਏਂਗਾ ਪਾਣੀ ਤੇਰੀ ਜਾਤਿ ਕਿੱਥੇ ਜਾਏਗੀ।।
ਖੂਹ ਵੱਖਰੇ ਸ਼ਮਸ਼ਾਨ ਵੱਖਰੇ ਵੱਖਰੇ ਪੰਡਿਤ ਭੋਗ ਸ਼ਰਾਧ ਹੈ
ਦਲਿਤ ਦਾ ਪਰਸ਼ਾਵਾਂ ਭੀ ਅਛੂਤ ਤੇ ਗੌ ਮੂਤਰ ਪ੍ਰਸ਼ਾਦ ਹੈ
ਪਾਣੀ ਪਿੱਛੇ ਜਾਨ ਕੱਡ ਲਈ ਇਹ ਕੈਸਾ ਸੱਭਿਆ ਸਮਾਜ ਹੈ
ਅਮਿਤ ਹਰ ਘਰ ਲਹਿਰਾ ਤਿਰੰਗਾ ਬੇਸ਼ਕ ਜਸ਼ਨ ਮਨਾ
ਪਰ ਏ ਦੱਸ ਕਿ ਬਹਮ ਹੈ ਤੇਰਾ ਯਾ ਸੱਚੀ ਤੂੰ ਆਜ਼ਾਦ ਹੈ।।
**ਅਮਿਤ ਰੱਤਾ**
**ਅੰਬ ਊਨਾ ਹਿਮਾਚਲ ਪ੍ਰਦੇਸ਼**

## ਹਿੰਦੀ ਕਵਿਤਾ
## ਮਖ਼ਮਲੀ ਫ਼ੰਦੇ ਦਾ ਗਣਰਾਜ

**ਮੂਲ : ਰਤਨਾ ਭਦੌਰੀਆ**
**ਅਨੁ : ਪ੍ਰੋ. ਨਵ ਸੰਗੀਤ ਸਿੰਘ**

ਸਰਕਾਰਾਂ ਔਰਤਾਂ ਨੂੰ ਭਰਮਾਉਂਦੀਆਂ ਨਹੀਂ –
ਉਹ ਉਨ੍ਹਾਂ ਦੀਆਂ ਨਾੜਾਂ ਵਿੱਚ
ਇਤਿਹਾਸ ਦੀ ਥਕਾਵਟ ਨੂੰ ਪਛਾਣ ਕੇ
ਉਸ ਤੇ ਮਖ਼ਮਲ ਵਿਛਾ ਦਿੰਦੀਆਂ ਹਨ
ਤਾਂ ਕਿ ਜ਼ਖ਼ਮ ਵਿਖਾਈ ਨਾ ਦੇਣ
ਅਤੇ ਦਰਦ ਸਭਿਅਤਾ ਅਖਵਾਉਣ ਲੱਗੇ।
ਉਹ ਜਾਣਦੀਆਂ ਹਨ –
ਅਨਿਆਂ ਦਾ ਸਭ ਤੋਂ ਸਥਾਈ ਰੂਪ
ਖੁੱਲ੍ਹਾ ਅੱਤਿਆਚਾਰ ਨਹੀਂ ਹੁੰਦਾ
ਸਗੋਂ ਉਹ ਸੁਵਿਧਾ ਹੈ
ਜੋ ਅਨਿਆਂ ਨੂੰ ਸਹਿਣ ਦੀ ਆਦਤ ਬਣਾ ਦੇਵੇ
ਇਸ ਲਈ ਉਹ ਦਿੰਦੀਆਂ ਹਨ—
ਅਧਿਕਾਰ ਨਹੀਂ
ਸਗੋਂ ਅਧਿਕਾਰਾਂ ਦਾ ਅਭਿਨੈ;
ਸਨਮਾਨ ਨਹੀਂ,
ਸਨਮਾਨ ਦਾ ਪ੍ਰਮਾਣ ਪੱਤਰ;
ਆਜ਼ਾਦੀ ਨਹੀਂ,
ਉਸਦੀ ਸੀਮਤ ਛੋਟ।
ਅਤੇ ਇਸ ਸਮੁੱਚੇ ਅਭਿਨੈ ਵਿੱਚ,
ਸਭ ਤੋਂ ਵੱਡੀ ਭੂਮਿਕਾ
ਖ਼ਾਮੋਸ਼ੀ ਨਿਭਾਉਂਦੀ ਹੈ—
ਉਹ ਖ਼ਾਮੋਸ਼ੀ
ਜੋ ਸ਼ੁਕਰਗੁਜ਼ਾਰੀ ਦੇ ਨਾਮ 'ਤੇ
ਤੁਹਾਡੇ ਅੰਦਰ ਬੀਜੀ ਜਾਂਦੀ ਹੈ।
ਔਰਤਾਂ ਰੁਕੀਆਂ ਨਹੀਂ ਹਨ –
ਉਹਨਾਂ ਨੂੰ ਉਸ ਬਿੰਦੂ 'ਤੇ ਸਥਿਰ ਕੀਤਾ ਗਿਆ ਹੈ
ਜਿੱਥੇ ਅੱਗੇ ਵਧਣਾ
ਨਾਸ਼ੁਕਰੇਪਣ ਦਾ ਅਪਰਾਧ ਬਣ ਜਾਂਦਾ ਹੈ,
ਅਤੇ ਪਿੱਛੇ ਮੁੜਨਾ
ਅਸੰਭਵ
ਇਹ ਇੱਕ ਬਣਾਈ ਗਈ ਖੜੋਤ ਹੈ—
ਜਿੱਥੇ ਹਰ ਸੰਘਰਸ਼ ਨੂੰ
ਛੋਟੇ-ਛੋਟੇ ਫਾਇਦਿਆਂ ਵਿੱਚ ਤੋੜ ਕੇ
ਅਤੇ ਇੰਨਾ ਖਿੰਡਾਇਆ ਜਾਂਦਾ ਹੈ
ਕਿ ਕੋਈ ਇੱਕ ਆਵਾਜ਼
ਕਦੇ ਪੂਰੀ ਸਮਰੱਥਾ ਨਾਲ ਉੱਠ ਹੀ ਨਾ ਸਕੇ
ਉਹ ਵੇਖਦੀਆਂ ਹਨ—
ਕਿਵੇਂ ਉਨ੍ਹਾਂ ਦੀ ਮਿਹਨਤ ਨੂੰ
ਅੰਕੜਿਆਂ ਵਿਚ ਬਦਲ ਦਿੱਤਾ ਗਿਆ
ਕਿਵੇਂ ਉਨ੍ਹਾਂ ਦੇ ਦੁੱਖਾਂ ਨੂੰ
ਨੀਤੀਆਂ ਦੇ ਫੁੱਟਨੋਟ ਵਿੱਚ ਸੀਮਤ ਕਰ ਦਿੱਤਾ ਗਿਆ
ਅਤੇ ਫਿਰ ਉਸੇ ਸੀਮਾ ਨੂੰ
ਪ੍ਰਾਪਤੀ ਦਾ ਨਾਂ ਦੇ ਦਿੱਤਾ ਗਿਆ
ਇਹੀ ਉਹ ਨੁਕਤਾ ਹੈ
ਜਿੱਥੇ ਭਰਮਾਉਣਾ
ਸਿਰਫ਼ ਇੱਕ ਪ੍ਰਸਤਾਵ ਨਹੀਂ ਰਹਿੰਦਾ –
ਉਹ ਇੱਕ ਸੰਰਚਨਾ ਬਣ ਜਾਂਦਾ ਹੈ
ਇੱਕ ਅਜਿਹਾ ਢਾਂਚਾ
ਜਿਸ ਵਿੱਚ ਵਿਰੋਧ ਦੀ ਹਰ ਸੰਭਾਵਨਾ
ਹੌਲੀ-ਹੌਲੀ ਖਤਮ ਹੋਣ ਲੱਗਦੀ ਹੈ
ਅਤੇ ਅੰਤ-
ਇੱਥੇ ਕੋਈ ਭਰਮ ਬਾਕੀ ਨਹੀਂ –
ਜਾਂ ਤਾਂ ਇਸ ਮਖ਼ਮਲੀ ਫੰਦੇ ਨੂੰ ਤੋੜੋ
ਜਾਂ ਇਸਨੂੰ ਸਵੀਕਾਰ ਕਰੋ
ਕਿ ਤੁਹਾਨੂੰ ਕੈਦ ਨਾਲ ਪਿਆਰ ਹੋ ਗਿਆ ਹੈ
ਕਿਉਂਕਿ ਜੋ ਸੁਵਿਧਾ ਦੇ ਅੱਗੇ ਝੁਕਦਾ ਹੈ
ਉਹ ਸਿਰਫ਼ ਆਪਣਾ ਹੱਕ ਹੀ ਨਹੀਂ ਗੁਆਉਂਦਾ –
ਉਹ ਬੇਇਨਸਾਫ਼ੀ ਨੂੰ ਜਾਇਜ਼ ਠਹਿਰਾਉਂਦਾ ਹੈ,
ਇਸਨੂੰ ਸਥਾਈ ਬਣਾਉਂਦਾ ਹੈ
ਅਤੇ ਫਿਰ ਉਹੀ ਬੇਇਨਸਾਫ਼ੀ
ਅਗਲੀਆਂ ਪੀੜ੍ਹੀਆਂ ਦੀ ਕਿਸਮਤ ਬਣ ਜਾਂਦੀ ਹੈ
ਇਸ ਲਈ ਅੰਤਮ ਸੱਚ ਇਹੋ ਹੈ –
ਲਾਲਚ ਨਾਲ ਸਮਝੌਤਾ
ਸਿਰਫ਼ ਇੱਕ ਸਮਝੌਤਾ ਨਹੀਂ ਹੈ
ਉਹ ਇੱਕ ਮੱਧਮ ਆਤਮ-ਸਮਰਪਣ ਹੈ
ਅਤੇ ਹਰ ਆਤਮ-ਸਮਰਪਣ ਤੋਂ ਬਾਅਦ,
ਇਤਿਹਾਸ ਤੁਹਾਨੂੰ ਪੀੜਤ ਨਹੀਂ
ਸਹਿ-ਅਪਰਾਧੀ ਲਿਖਦਾ ਹੈ।
(9417692015)

## ਵਿਕਾਸ ਦੀ ਵਾਹ-ਵਾਹ

ਵਿਕਾਸ ਦੇ ਨਗਾੜੇ ਵੱਜਦੇ ਨੇ,
ਅਖ਼ਬਾਰਾਂ ਚੋਂ ਫੁੱਲ ਵਰ੍ਹਦੇ ਨੇ,
ਪਰ ਸਾਡੇ ਚੁੱਲ੍ਹੇ ਦੀ ਰਾਖ ਪੁੱਛਦੀ—
"ਰੋਟੀ ਦੇ ਦਿਨ ਕਿੱਥੇ ਮਰਦੇ ਨੇ ?

ਤਾਲੀ ਵਜਾ ਕੇ ਗੀਤ ਗਾਈਏ,
ਭੁੱਖ ਦੇ ਮੇਲੇ ਚ ਖੁਸ਼ੀ ਮਨਾਈਏ,
ਜਿਸ ਘਰ ਚ ਧੂੰਆਂ ਵੀ ਨਾ ਉੱਠਦਾ,
ਉਥੇ ਵਿਕਾਸ ਦੇ ਦੀਵੇ ਬਾਲੀਏ।

ਰਸੋਈ ਅੰਦਰ ਸੁੰਨ ਫੈਲਿਆ ਪਿਆਰੇ,
ਡੱਬੇ ਸਾਰੇ ਖਾਲੀ ਨੇ,
ਚੂਹੇ ਵੀ ਮੂੰਹ ਲਟਕਾ ਬੋਲੇ—
"ਇੱਥੇ ਤਾਂ ਹਾਲਤ ਜਾਅਲੀ ਨੇ!

ਚਾਹ ਪੱਤੀ ਦੀ ਖੁਸ਼ਬੂ ਗੁੰਮ ਏ,
ਦਾਲ ? ਹੋਈ ਹੁਣ ਸੁਪਨਾ ਏ,
ਪਿਆਜ਼ ਦੇ ਭਾਅ ਸੁਣ ਕੇ ਲੱਗਦਾ
ਜਿਵੇਂ ਸੋਨਾ ਤੋਲਣਾ ਆਪਣਾ ਏ।

ਸਿਲੈਂਡਰ ਵੇਖ ਹਾਸਾ ਆਇਆ,
ਭਾਅ ਸੁਣ ਕੇ ਦਿਲ ਰੋ ਪਿਆ,
ਚੁੱਲ੍ਹੇ ਵਿੱਚ ਪਾਥੀਆਂ ਸੜਦੀਆਂ,
ਧੂੰਏਂ ਨੇ ਅੰਬਰ ਛੋਹ ਲਿਆ।

ਪੰਪ ਤੇ ਜਾ ਕੇ ਤੇਲ ਪੁੱਛਿਆ,
ਮੀਟਰ ਹੱਸ ਕੇ ਕਹਿੰਦਾ ਸੀ—
"ਟੈਂਕੀ ਨਹੀਂ, ਜੇਬ ਭਰ ਲਿਆਓ,
ਫਿਰ ਸੁਪਨਾ ਪੂਰਾ ਹੁੰਦਾ ਜੀ।

ਕੰਮ-ਧੰਦੇ ਸਾਰੇ ਸੁੱਕ ਗਏ,
ਮਜ਼ਦੂਰੀ ਵੀ ਅੱਧੀ ਹੋਈ,
ਸਵੇਰੇ ਉਮੀਦਾਂ ਲੈ ਨਿਕਲੇ,
ਸ਼ਾਮੀਂ ਖਾਲੀ ਝੋਲੀ ਹੋਈ।

ਕਰਜ਼ੇ ਵਾਲੇ ਦਰ ਤੇ ਆਏ,
ਚਿਹਰਿਆਂ ਉੱਤੇ ਕਾਨੂੰਨ ਲਿਖੇ,
ਪਤੀਲੇ, ਥਾਲੀਆਂ ਚੁੱਕ ਲੈ ਗਏ,
ਅਸੀਂ ਹੱਸਦੇ ਰਹੇ, ਪਰ ਅੰਦਰ ਦੰਦ ਪਿਸੇ।

ਘਰਵਾਲੀ ਨੇ ਬੱਚੇ ਚੁੱਕੇ,
ਅੱਖਾਂ ਚ ਹੰਝੂ, ਬੋਲਾਂ ਤੇ ਚੁੱਪ,
ਕਹਿੰਦੀ— "ਜਦ ਰੋਟੀ ਆ ਜਾਵੇ,
ਫਿਰ ਲੈ ਜਾਈਂ ਸਾਨੂੰ ਮੁੜ।

ਬੱਚਾ ਪੁੱਛੇ ਰਾਤੀਂ ਉੱਠ ਕੇ—
"ਪਾਪਾ, ਵਿਕਾਸ ਕਿੱਥੇ ਰਹਿੰਦਾ ?
ਮੈਂ ਚੁੱਪ ਹੋ ਕੇ ਸੋਚਾਂ ਅੰਦਰ—
"ਸ਼ਾਇਦ ਟੀਵੀ ਉੱਤੇ ਹੀ ਬਹਿੰਦਾ।

ਬਾਜ਼ਾਰਾਂ ਚ ਰੌਸ਼ਨੀਆਂ ਨੇ,
ਪਰ ਘਰ ਅੰਦਰ ਹਨੇਰਾ ਏ,
ਇੱਕ ਪਾਸੇ ਜਸ਼ਨ ਮਨਾਇਆ ਜਾਂਦਾ,
ਦੂਜੇ ਪਾਸੇ ਪਸਰਿਆ ਹਨੇਰਾ ਏ।

ਮਹਿੰਗਾਈ ਐਵੇਂ ਚੜ੍ਹ ਬੈਠੀ
ਜਿਵੇਂ ਰਾਜ ਸਿੰਘਾਸਨ ਤੇ,
ਲੋਕਤੰਤਰ ਦੀ ਰੋਟੀ ਸੜਦੀ
ਵੋਟਾਂ ਦੇ ਚੁੱਲ੍ਹਿਆਂ ਅੰਦਰ ਏ।

ਫਿਰ ਵੀ ਅਸੀਂ ਹੱਸ ਲੈਂਦੇ ਹਾਂ,
ਇਹ ਵੀ ਸਾਡੀ ਮਜਬੂਰੀ ਏ,
ਰੋਣਾ ਜੇ ਖੁੱਲ੍ਹ ਕੇ ਸ਼ੁਰੂ ਕਰੀਏ,
ਅੱਖਾਂ ਚੋਂ ਦਰਿਆ ਵਹਿ ਜਾਣੇ ਨੇ।

ਆਓ ਫਿਰ ਤਾਲੀ ਵਜਾਈਏ,
ਵਿਕਾਸ ਦੇ ਗੀਤ ਸੁਣਾਈਏ,
ਭੁੱਖ ਦੇ ਕੰਬਦੇ ਬੁੱਲ੍ਹਾਂ ਉੱਤੇ
ਨਕਲੀ ਹਾਸੇ ਦੀ ਲਾਲੀ ਲਾਈਏ।

ਕਿਉਂਕਿ ਇਸ ਦੇਸ਼ ਵਿੱਚ ਅਕਸਰ ਹੀ
ਸੱਚ ਨੂੰ ਚੁੱਪ ਕਰਾਇਆ ਜਾਂਦਾ ਏ,
ਅਤੇ ਕੰਗਾਲੀ ਦੇ ਰੋਣ ਉੱਤੇ
"ਵਿਕਾਸ"ਦਾ ਢੋਲ ਵਜਾਇਆ ਜਾਂਦਾ ਏ।
**ਕਵੀ: ਗੁਰਪ੍ਰੀਤ ਸਿੰਘ ਬਿਲਿੰਗ**
**ਮੋਬਾਇਲ: 75086-98066**

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 354

Website: www.preetnama.com Email preetnamausa@gmail.com

22 MAY TO 28 MAY, 2026



PREETNAMA ਪ੍ਰੀਤਨਾਮਾ ਖਰਾ ਸੱਚ

## Preetnama

PREETNAMA ONLINE AND PRINT MEDIA KHARA SACH CHIEF EDITOR : PRITPAL KAUR +1 201-312-4180 Preetnama TV

## is a leading International Media Company.

**Publishing a renowned newspaper in three language and operations a prominent TV channel.**
**With a global reach and diverse audience, Preetnama Provides in dept coverage of Current Events, News, and Analysis, Catering to a broad spectrum of interests and persp.**
**Preetnama TV Provides you best services.**

## We promote your business worldwide.
## We promote and do coverage all Kind Events.



Preetnama
ਪ੍ਰੀਤਨਾਮਾ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 330
Website: www.preetnama.com Email preetnamausa@gmail.com
28 NOV TO 04 DEC, 2025

Sheikh Hasina's death sentence: India's new challenge in South Asian diplomacy

Bangladesh's judicial crisis and India's diplomatic balance
Analysis of the new equations emerging in South Asian politics after the death sentence awarded to Sheikh Hasina



Space for Available for Advertising
WWW.PREETNEWS.COM
WWW.PREETNAMA.COM
preetnamausa@gmail.com
ਨਿਊਯਾਰਕ
ਪ੍ਰੀਤਨਾਮਾ
ਖ਼ਰਾ ਸੱਚ
Online and Print Media +1 201-312-4180 +1 917-328-8436
ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਮੋਦੀ ਸਰਕਾਰ ਦੇ ਪੰਜਾਬ ਬਾਰੇ ਫੈਸਲੇ ਵਿਵਾਦਾਂ ਤੋਂ ਬਾਅਦ ਹੋ ਰਹੇ ਨੇ ਵਾਪਿਸ, ਕੀ ਭਾਜਪਾ ਸੂਬੇ ਨੂੰ ਸਮਝਣ 'ਚ ਚੂਕ ਕਰ ਰਹੀ ਹੈ ?

## Pritpal Kaur (CEO and Founder)

## 001 (201) 312 4180

**Email: Preetnamausa@gmail.com,**
**www.preetnama.com www.preetnews.com**